ਰੋਜ਼ਾਨਾ ਲੋਕ ਬਾਣੀ ਨੂੰ ਪੱਤਰਕਾਰਾਂ ਦੀ ਲੋੜ
99155-94111

ਰੋਜ਼ਾਨਾ ਸੱਚ ਤੇ ਨਿਡਰ ਆਵਾਜ਼
# ਲੋਕ ਬਾਣੀ
Email : lokbani08@gmail.com ਸ਼ੁੱਕਰਵਾਰ, 25 ਮਾਰਚ 2022 ਮੁੱਖ ਸੰਪਾਦਕ :- ਅਮਨ ਮਹਿਰਾ (ਜਲੰਧਰ)

ਇਸ਼ਤਿਹਾਰ ਲਵਾਓ ਵਪਾਰ ਵਧਾਓ
ਰੋਜ਼ਾਨਾ ਲੋਕ ਬਾਣੀ
ਅਖ਼ਬਾਰ ਵਿਚ ਸੰਪਰਕ ਕਰੋ
0181-2211009
Newslokbani@gmail.com

R.N.I. Punpun/29016/2008 ✲ ਸਾਲ : 14 ✲ ਅੰਕ : 384 ✲ ਮੁੱਲ : 2.00 ਰੁਪਏ ✲ ਕੁੱਲ ਪੇਜ਼ : 10 ✲ ਫੈਕਸ : 0181-2211009 ✲ M. 99155-94111



## ਅਮਰੀਕਾ ਦੇਵੇਗਾ ਯੂਕਰੇਨ ਦੇ 1 ਲੱਖ ਸ਼ਰਨਾਰਥੀਆਂ ਨੂੰ ਪਨਾਹ

**ਵਾਸ਼ਿੰਗਟਨ/ਲੋਕ ਬਾਣੀ**

ਅਮਰੀਕਾ ਰੂਸ ਦੇ ਹਮਲੇ ਕਾਰਨ ਯੂਕ੍ਰੇਨ ਤੋਂ ਪਲਾਇਨ ਕਰਨ ਵਾਲੇ 35 ਲੱਖ ਲੋਕਾਂ @ਚੋਂ ਇਕ ਲੱਖ ਤੱਕ ਸ਼ਰਨਾਰਥੀਆਂ ਨੂੰ ਆਪਣੇ ਦੇਸ਼ @ਚ ਪਨਾਹ ਦੇਵੇਗਾ। ਇਕ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਇਸ ਦੇ ਬਾਰੇ @ਚ ਅਧਿਕਾਰਿਤ ਤੌਰ @ਤੇ ਐਲਾਨ ਵੀਰਵਾਰ ਨੂੰ ਹੋਵੇਗਾ। ਵ੍ਹਾਈਟ ਹਾਊਸ ਪਿਛਲੇ ਕਈ ਹਫ਼ਤੇ ਤੋਂ ਕਹਿੰਦਾ ਰਿਹਾ ਹੈ ਕਿ ਅਮਰੀਕਾ ਯੂਕ੍ਰੇਨ ਦੇ ਸ਼ਰਨਾਰਥੀਆਂ ਦਾ ਸਵਾਗਤ ਕਰੇਗਾ ਪਰ ਅਧਿਕਾਰੀਆਂ ਦਾ ਅਨੁਮਾਨ ਹੈ ਕਿ ਜ਼ਿਆਦਾਤਰ ਸ਼ਰਨਾਰਥੀ ਯੂਰਪ @ਚ ਹੀ ਰਹਿਣਾ ਪਸੰਦ ਕਰਨਗੇ। ਸ਼ਰਨਾਰਥੀ ਏਜੰਸੀਆਂ ਨੇ ਜੋਅ ਬਾਈਡੇਨ ਪ੍ਰਸ਼ਾਸਨ ਤੋਂ ਕੁਝ ਹੋਰ ਕਦਮ ਚੁੱਕਣ ਦੀ ਬੇਨਤੀ ਕਰਦੇ ਹੋਏ ਕਿਹਾ ਕਿ ਅਮਰੀਕਾ ਯੂਕ੍ਰੇਨ ਦੇ ਲੋਕਾਂ ਦੇ ਆਉਣ ਦੀ ਪ੍ਰਕਿਰਿਆ ਨੂੰ ਤੇਜ਼ ਕਰੇ। ਇਸ ਤੋਂ ਪਹਿਲਾਂ ਬਾਈਡੇਨ ਪ੍ਰਸ਼ਾਸਨ ਨੇ 2022 ਬਜਟ ਸਾਲ ਲਈ ਸ਼ਰਨਾਰਥੀਆਂ ਦੀ ਗਿਣਤੀ 1,25,000 ਤੱਕ ਸੀਮਤ ਕਰਨ ਦਾ ਐਲਾਨ ਕੀਤਾ ਸੀ। ਡੋਨਾਲਡ ਟਰੰਪ ਦੇ ਕਾਰਜਕਾਲ @ਚ ਗਿਣਤੀ @ਚ 15,000 ਦੀ ਕਟੌਤੀ ਕੀਤੀ ਗਈ ਸੀ।

## ਅਮਰੀਕਾ ਵਿੱਚ ਤੇਜ਼ ਤੂਫ਼ਾਨ ਕਾਰਨ ਕਾਫੀ ਨੁਕਸਾਨ



**ਅਮਰੀਕਾ** ਦੇ ਟੈਕਸਾਸ ਅਤੇ ਓਕਲਾਹੋਮਾ ’ਚਸੋਮਵਾਰ ਨੂੰ ਭਿਆਨਕ ਚੱਕਰਵਾਤੀ ਤੂਫਾਨ (ਟੋਰਨਾਡੋ) ਆਇਆ। ਇਸ ਤੂਫਾਨ ਕਾਰਨ ਦਰੱਖਤ ਉੱਖੜ ਗਏ ਅਤੇ ਘਰਾਂ ਨੂੰ ਨੁਕਸਾਨ ਪਹੁੰਚਿਆ। ਇਹ ਤੂਫਾਨ ਇੰਨਾ ਜ਼ਬਰਦਸਤ ਸੀ ਕਿ ਹਾਈਵੇਅ ਅਤੇ ਏਅਰਪੋਰਟ ਨੂੰ ਵੀ ਬੰਦ ਕਰਨਾ ਪਿਆ। ਮੌਸਮ ਵਿਗਿਆਨੀਆਂ ਮੁਤਾਬਕ ਚੱਕਰਵਾਤੀ ਤੂਫਾਨ ਕਾਰਨ ਇੱਥੇ ਤੇਜ਼ ਤੂਫਾਨ ਹੈ ਅਤੇ ਇਹ ਅਗਲੇ ਕੁਝ ਦਿਨਾਂ ਤੱਕ ਜਾਰੀ ਰਹਿ ਸਕਦਾ ਹੈ। ਤਬਾਹ ਹੋਏ ਘਰਾਂ ਅਤੇ ਸੜਕਾਂ @ਤੇ ਫੈਲੇ ਮਲਬੇ ਦੀਆਂ ਤਸਵੀਰਾਂ ਸੋਸ਼ਲ ਮੀਡੀਆ ’ਤੇ ਤੇਜ਼ੀ ਨਾਲ ਸ਼ੇਅਰ ਕੀਤੀਆਂ ਜਾ ਰਹੀਆਂ ਹਨ। ਜੋ ਯੂਐਸ ਵਿੱਚ ਉਪਯੋਗਤਾਵਾਂ ਤੋਂ ਡੇਟਾ ਇਕੱਠਾ ਕਰਦਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਤੂਫਾਨ ਕਾਰਨ 45,000 ਲੋਕ ਬਿਜਲੀ ਤੱਕ ਪਹੁੰਚ ਕਰਨ ਵਿੱਚ ਅਸਮਰੱਥ ਹਨ। ਇਹ ਚੱਕਰਵਾਤੀ ਤੂਫਾਨ ਜੈਕਸਬਰੋ, ਟੈਕਸਾਸ ਅਤੇ ਓਕਲਾਹੋਮਾ ਵਿੱਚ ਕਿੰਗਸਟਨ ਵਿੱਚ ਲੁਲਿੰਗ ਟਾਊਨ ਅਤੇ ਰਾਊਂਡ ਰੌਕਸ ਤੋਂ ਰਿਪੋਰਟ ਕੀਤੇ ਗਏ ਹਨ।

## 10ਵੀਂ ਤੇ 12ਵੀਂ ਦੀ ਡੇਟਸ਼ੀਟ ਪੰਜਾਬ ਸਕੂਲ ਸਿੱਖਿਆ ਬੋਰਡ ਕੀਤੀ ਜਾਰੀ



**ਚੰਡੀਗੜ੍ਹ/ਵਿਨੋਦ ਸ਼ਰਮਾ**

ਪੰਜਾਬ ਸਕੂਲ ਸਿੱਖਿਆ ਬੋਰਡ (ਪੀਐਸਈਬੀ) ਨੇ 2ਵੀਂ ਜਮਾਤ 10ਵੀਂ ਅਤੇ 12ਵੀਂ ਜਮਾਤ ਦੀਆਂ ਪ੍ਰੀਖਿਆਵਾਂ ਦੀਆਂ ਡੇਟ ਸ਼ੀਟਾਂ ਜਾਰੀ ਕਰ ਦਿੱਤੀਆਂ ਹਨ। ਬੋਰਡ ਜੋ ਕਿ ਸੀਬੀਐਸਈ ਅਤੇ ਸੀਆਈਐਸਸੀਈ ਦੀ ਤਰਜ਼ @ਤੇ ਦੋ ਮਿਆਦ ਦੀ ਪ੍ਰੀਖਿਆ ਦਾ ਆਯੋਜਨ ਕਰ ਰਿਹਾ ਹੈ, ਅਪ੍ਰੈਲ ਵਿੱਚ ਮਿਆਦ 2 ਦੀਆਂ ਪ੍ਰੀਖਿਆਵਾਂ ਕਰਵਾਏਗਾ। PSEB ਦੀ ਡੇਟਸ਼ੀਟ 2022 ਦੇ ਅਨੁਸਾਰ, ਪੰਜਾਬ ਬੋਰਡ ਕਲਾਸ 10 ਟਰਮ 2 ਦੀ ਪ੍ਰੀਖਿਆ 29 ਅਪ੍ਰੈਲ ਤੋਂ 19 ਮਈ ਤੱਕ ਹੋਵੇਗੀ ਅਤੇ ਕਲਾਸ 12 ਟਰਮ 2 ਦੀ ਪ੍ਰੀਖਿਆ 22 ਅਪ੍ਰੈਲ ਤੋਂ 23 ਮਈ ਦੇ ਵਿਚਕਾਰ ਆਯੋਜਿਤ ਕੀਤੀ ਜਾਵੇਗੀ। PSEB ਟਰਮ 2 ਦੀਆਂ ਪ੍ਰੀਖਿਆਵਾਂ ਟਰਮ 1 ਦੇ ਉਲਟ ਛੋਟੇ ਅਤੇ ਲੰਬੇ ਜਵਾਬ-ਪ੍ਰਕਾਰ ਦੇ ਪ੍ਰਸ਼ਨਾਂ ਲਈ ਆਯੋਜਿਤ ਕੀਤੀਆਂ ਜਾਣਗੀਆਂ।

## ਪੈਟਰੋਲ ਪੰਪਾਂ ਤੇ ਸ਼੍ਰੀਲੰਕਾ ’ਚ ਬੁਰਾ ਹਾਲ ਫੌਜ ਤੈਨਾਤ

**ਕੋਲੰਬੋ/ਲੋਕ ਬਾਣੀ:-** ਸ਼੍ਰੀਲੰਕਾ ’ਚਤੇਲ ਦੀ ਕਮੀ ਕਾਰਨ ਪੈਟਰੋਲ ਪੰਪਾਂ ’ਤੇ ਲੋਕਾਂ ਦੀਆਂ ਲੰਬੀਆਂ ਕਤਾਰਾਂ ਦੇਖਣ ਨੂੰ ਮਿਲ ਰਹੀਆਂ ਹਨ ਅਤੇ ਤੇਲ ਦੀ ਵੰਡ ਦੇ ਪ੍ਰਬੰਧਨ ਅਤੇ ਨਿਗਰਾਨੀ ਲਈ ਮੰਗਲਵਾਰ ਨੂੰ ਪੈਟਰੋਲ ਪੰਪਾਂ ’ਤੇ ਫੌਜ ਨੂੰ ਤਾਇਨਾਤ ਕਰਨਾ ਪਿਆ। ਵਿਦੇਸ਼ੀ ਮੁਦਰਾ ਦੀ ਕਮੀ ਨੇ ਦੇਸ਼ ਵਿੱਚ ਇੱਕ ਵੱਡਾ ਆਰਥਿਕ ਅਤੇ ਊਰਜਾ ਸੰਕਟ ਪੈਦਾ ਕਰ ਦਿੱਤਾ ਹੈ। ਜ਼ਰੂਰੀ ਵਸਤਾਂ ਦੀਆਂ ਕੀਮਤਾਂ ’ਚ ਅਚਾਨਕ ਵਾਧਾ ਅਤੇ ਤੇਲ ਦੀ ਕਮੀ ਕਾਰਨ ਹਜ਼ਾਰਾਂ ਲੋਕ ਪੈਟਰੋਲ ਪੰਪਾਂ @ਤੇ ਘੰਟਿਆਂਬੱਧੀ ਖੜ੍ਹੇ ਰਹਿਣ ਲਈ ਮਜਬੂਰ ਹਨ। ਲੋਕਾਂ ਨੂੰ ਰੋਜ਼ਾਨਾ ਕਈ-ਕਈ ਘੰਟੇ ਬਿਜਲੀ ਦੇ ਕੱਟਾਂ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਹੈ।

## ਮਨੁੱਖੀ ਅਧਿਕਾਰਾਂ ਕਮਿਸ਼ਨ ਨੇ ਬੀਰਭੂਮ ਹੱਤਿਆ ਮਾਮਲੇ ’ਚ ਮਮਤਾ ਸਰਕਾਰ ਤੇ ਪੁਲਿਸ ਮੁੱਖੀ ਨੂੰ ਭੇਜਿਆ ਨੋਟਿਸ

**ਨਵੀਂ ਦਿੱਲੀ/ਲੋਕ ਬਾਣੀ**

ਕੌਮੀ ਮਨੁੱਖੀ ਅਧਿਕਾਰ ਕਮਿਸ਼ਨ (ਐੱਨਐੱਚਆਰਸੀ) ਨੇ ਪੱਛਮੀ ਬੰਗਾਲ ਦੇ ਬੀਰਭੂਮ ਜ਼ਿਲ੍ਹੇ ਵਿੱਚ ਅੱਠ ਵਿਅਕਤੀਆਂ ਨੂੰ ਜਿਊਂਦੇ ਸਾੜਨ ਦੇ ਮਾਮਲੇ ਵਿੱਚ ਮਮਤਾ ਬੈਨਰਜੀ ਸਰਕਾਰ ਤੇ ਸੂਬਾਈ ਪੁਲੀਸ ਮੁਖੀ ਨੂੰ ਨੋਟਿਸ ਜਾਰੀ ਕਰਕੇ ਚਾਰ ਹਫ਼ਤਿਆਂ ਵਿੱਚ ਰਿਪੋਰਟ ਮੰਗ ਲਈ ਹੈ। ਕਮਿਸ਼ਨ ਨੇ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਸੂਬਾ ਸਰਕਾਰ ਵੱਲੋਂ ਹੁਣ ਤੱਕ ਕੀਤੀ ਪੇਸ਼ਕਦਮੀ ਸਬੰਧੀ ਵਿਸਥਾਰਤ ਰਿਪੋਰਟ ਦਾਖਲ ਕਰਨ ਦੀ ਤਾਕੀਦ ਕੀਤੀ ਹੈ। ਇਸ ਦੌਰਾਨ ਬੀਰਭੂਮ ਪੁਲੀਸ ਨੇ ਰਾਮਪੁਰਹਾਟ ਦੇ ਸਬ-ਡਿਵੀਜ਼ਨਲ ਪੁਲੀਸ ਅਧਿਕਾਰੀ (ਐੱਸਡੀਪੀਓ) ਸ਼ਿਆਨ ਅਹਿਮਦ ਨੂੰ ਬੋਗਟੂਈ ਪਿੰਡ ਵਿੱਚ ਹੋਈ ਅੱਗਜ਼ਨੀ ਦੀ ਘਟਨਾ ਨੂੰ ਰੋਕਣ ਲਈ ਕੋਈ ‘ਇਹਤਿਆਤੀ ਕਦਮ’ ਨਾ ਚੁੱਕਣ ਲਈ ਮੁਅੱਤਲ ਕਰ ਦਿੱਤਾ ਹੈ। ਅਧਿਕਾਰੀ ਦੀ ਮੁਅੱਤਲੀ ਦੇ ਹੁਕਮ ਮੁੱਖ ਮੰਤਰੀ ਮਮਤਾ ਬੈਨਰਜੀ ਵੱਲੋਂ ਕੁਝ ਪੁਲੀਸ ਅਧਿਕਾਰੀਆਂ ਦੀ ਕੀਤੀ ਝਾੜਝੰਬ ਮਗਰੋਂ ਜਾਰੀ ਕੀਤੇ ਗਏ ਹਨ।



ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ
ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਅੰਮ੍ਰਿਤਸਰ ’ਚ ਭਾਰਤ-ਪਾਕਿ ਬਾਰਡਰ ਤੋਂ ਕਰੋੜਾਂ ਦੀ ਹੈਰੋਇਨ ਬਰਾਮਦ



**ਅੰਮ੍ਰਿਤਸਰ/ਲੋਕ ਬਾਣੀ**

ਬੀ. ਐੱਸ. ਐੱਫ. ਅੰਮ੍ਰਿਤਸਰ ਸੈਕਟਰ ਨਾਲ ਲੱਗਦੀ ਇਕ ਬੀ. ਓ. ਪੀ. ’ਤੇ ਬੀ. ਐੱਸ. ਐੱਫ. ਦੇ ਜਵਾਨਾਂ ਨੇ ਤਾਰ ਤੋਂ ਪਾਰ ਖੇਤੀ ਕਰਨ ਗਏ ਇਕ ਕਿਸਾਨ ਅਤੇ ਮਜ਼ਦੂਰ ਕੋਲੋਂ ਹੈਰੋਇਨ ਬਰਾਮਦ ਕੀਤੀ ਹੈ। ਫੜੀ ਗਈ ਹੈਰੋਇਨ ਦਾ ਵਜ਼ਨ 1 ਕਿੱਲੋ ਹੈ ਅਤੇ ਅੰਤਰਰਾਸ਼ਟਰੀ ਬਾਜ਼ਾਰ ’ਚ ਇਸ ਦੀ ਕੀਮਤ 5 ਕਰੋੜ ਰੁਪਏ ਦੱਸੀ ਜਾ ਰਹੀ ਹੈ। ਜਾਣਕਾਰੀ ਅਨੁਸਾਰ ਤਾਰ ਤੋਂ ਪਾਰ ਖੇਤੀ ਕਰਨ ਵਾਲੇ ਕਿਸਾਨਾਂ ਲਈ ਬੀ. ਐੱਸ. ਐੱਫ. ਵੱਲੋਂ ਵਿਸ਼ੇਸ਼ ਗੇਟ ਬਣਾਏ ਗਏ ਹਨ, ਜਿਥੇ ਖੇਤੀ ਕਰਨ ਤੋਂ ਬਾਅਦ ਵਾਪਸ ਪਰਤ ਰਹੇ ਕਿਸਾਨ ਅਤੇ ਮਜ਼ਦੂਰ ਦੀ ਚੈਕਿੰਗ ਕੀਤੀ ਜਾਂਦੀ ਹੈ। ਜਦੋਂ ਇਕ ਕਿਸਾਨ ਅਤੇ ਉਸ ਦੇ ਨਾਲ ਕੰਮ ਕਰਨ ਵਾਲਾ ਇਕ ਮਜ਼ਦੂਰ ਖੇਤੀ ਕਰਕੇ ਵਾਪਸ ਆ ਰਹੇ ਸਨ ਤਾਂ ਉਨ੍ਹਾਂ ਦੀ ਚੈਕਿੰਗ ਕੀਤੀ ਗਈ। ਇਸ ਦੌਰਾਨ ਘਾਹ ਦੀ ਪੰਡ ਵਿਚ ਲੁਕੋਈ ਗਈ ਹੈਰੋਇਨ ਨੂੰ ਜਵਾਨਾਂ ਨੇ ਟ੍ਰੇਸ ਕਰ ਲਿਆ। ਬੀ. ਐੱਸ. ਐੱਫ. ਅਤੇ ਹੋਰ ਸੁਰੱਖਿਆ ਏਜੰਸੀਆਂ ਵੱਲੋਂ ਜਾਂਚ ਕੀਤੀ ਜਾ ਰਹੀ ਕਿ ਗ੍ਰਿਫ਼ਤਾਰ ਕਿਸਾਨ ਅਤੇ ਉਸ ਦਾ ਸਾਥੀ ਮਜ਼ਦੂਰ ਕਿਸ ਸਮੱਗਲਰ ਲਈ ਕੰਮ ਕਰਦਾ ਹੈ ਅਤੇ ਪਾਕਿਸਤਾਨ ਵੱਲੋਂ ਕਿਸ ਸਮੱਗਲਰ ਨੇ ਹੈਰੋਇਨ ਦੀ ਖੇਪ ਭੇਜੀ ਸੀ।



# JNU ਦੇ ਸਾਬਕਾ ਵਿਦਿਆਰਥੀ ਉਮਰ ਖਾਲਿਦ ਨੂੰ ਜ਼ਮਾਨਤ ਦੇਣ ਤੋਂ ਅਦਾਲਤ ਦਾ ਇਨਕਾਰ

**ਨਵੀਂ ਦਿੱਲੀ/ਲੋਕ ਬਾਣੀ**

ਦਿੱਲੀ ਦੀ ਇਕ ਅਦਾਲਤ ਨੇ ਜੇ. ਐੱਨ. ਯੂ. ਦੇ ਸਾਬਕਾ ਵਿਦਿਆਰਥੀ ਉਮਰ ਖਾਲਿਦ ਨੂੰ ਫਰਵਰੀ 2020 ’ਚ ਹੋਏ ਦਿੱਲੀ ਦੰਗਿਆਂ ਨਾਲ ਸਬੰਧਤ ਸਾਜਿਸ਼ ਦੇ ਇਕ ਮਾਮਲੇ ’ਚ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ। ਐਡੀਸ਼ਨਲ ਸੈਸ਼ਨ ਜੱਜ ਅਮਿਤਾਭ ਰਾਵਤ ਨੇ 3 ਮਾਰਚ ਨੂੰ ਖਾਲਿਦ ਅਤੇ ਇਸਤਗਾਸਾ ਪੱਖ ਦੇ ਵਕੀਲ ਦੀਆਂ ਦਲੀਲਾਂ ਸੁਣਨ ਮਗਰੋਂ ਆਦੇਸ਼ ਸੁਰੱਖਿਅਤ ਰੱਖ ਲਿਆ ਸੀ।

ਸੁਣਵਾਈ ਦੌਰਾਨ ਦੋਸ਼ੀ ਨੇ ਅਦਾਲਤ ਨੂੰ ਕਿਹਾ ਸੀ ਕਿ ਇਸਤਗਾਸਾ ਪੱਖ ਕੋਲ ਉਸ ਖ਼ਿਲਾਫ ਮੁਕੱਦਮਾ ਚਲਾਉਣ ਲਈ ਸਬੂਤਾਂ ਦੀ ਘਾਟ ਹੈ। ਖਾਲਿਦ ਅਤੇ ਕਈ ਹੋਰ ਲੋਕਾਂ ਖਿਲਾਫ ਫਰਵਰੀ 2020 ਦੇ ਦੰਗਿਆਂ ਦੇ ਸਿਲਸਿਲੇ ’ਚ ਅੱਤਵਾਦ ਰੋਕੂ ਕਾਨੂੰਨ ਯੂ. ਏ. ਪੀ. ਏ. ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਦੱਸ ਦੇਈਏ ਕਿ ਇਨ੍ਹਾਂ ਦੰਗਿਆਂ ’ਚ 53 ਲੋਕ ਮਾਰੇ ਗਏ ਸਨ ਅਤੇ 700 ਤੋਂ ਵੱਧ ਜ਼ਖਮੀ ਹੋ ਗਏ ਸਨ। ਫਰਵਰੀ 2020 ’ਚ ਨਾਗਰਿਕਤਾ ਸੋਧ ਕਾਨੂੰਨ (ਸੀ. ਏ. ਏ.) ਅਤੇ ਰਾਸ਼ਟਰੀ ਨਾਗਰਿਕ ਰਜਿਸਟਰਡ (ਐੱਨ. ਆਰ. ਸੀ.) ਖਿਲਾਫ ਵਿਰੋਧ ਪ੍ਰਦਰਸ਼ਨ ਦੌਰਾਨ ਹਿੰਸਾ ਭੜਕ ਗਈ ਸੀ। ਖਾਲਿਦ ਤੋਂ ਇਲਾਵਾ, ਖਾਲਿਦ ਸੈਫੀ, ਜੇ. ਐੱਨ. ਯੂ. ਵਿਦਿਆਰਥਣ ਨਤਾਸ਼ਾ ਨਰਵਾਲ ਅਤੇ ਦੇਵਾਂਗਨਾ ਕਾਲਿਤਾ, ਜਾਮੀਆ ਤਾਲਮੇਲ ਕਮੇਟੀ ਦੀ ਮੈਂਬਰ ਸਫੂਰਾ ਜਰਗਰ, ਆਮ ਆਦਮੀ ਪਾਰਟੀ (ਆਪ) ਦੇ ਸਾਬਕਾ ਨਿਗਮ ਕੌਂਸਲਰ ਤਾਹਿਰ ਹੁਸੈਨ ਅਤੇ ਕਈ ਹੋਰ ਲੋਕਾਂ ਖਿਲਾਫ ਵੀ ਯੂ. ਏ. ਪੀ. ਏ. ਤਹਿਤ ਮਾਮਲਾ ਦਰਜ ਕੀਤਾ ਗਿਆ ਸੀ।

# ਸਵਿਟਜ਼ਰਲੈਂਡ ’ਚ ਇਮਾਰਤ ਤੋਂ ਡਿੱਗਣ ਕਾਰਨ 4 ਦੀ ਮੌਤ, 1 ਜ਼ਖ਼ਮੀ

**ਜਿਨੇਵਾ/ਲੋਕ ਬਾਣੀ**

ਸਵਿਟਜ਼ਰਲੈਂਡ ਦੇ ਮਾਂਟਰੇਕਸ ਵਿਚ ਇਕ ਇਮਾਰਤ ਤੋਂ ਡਿੱਗਣ ਕਾਰਨ 4 ਲੋਕਾਂ ਦੀ ਮੌਤ ਹੋ ਗਈ ਹੈ ਅਤੇ 1 ਜ਼ਖ਼ਮੀ ਨੂੰ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ ਹੈ। ਪੁਲਸ ਨੇ ਇਹ ਜਾਣਕਾਰੀ ਦਿੱਤੀ। ਵੌਡ ਖੇਤਰੀ ਪੁਲਸ ਦੇ ਬੁਲਾਰੇ ਅਲੈਗਜ਼ੈਂਡਰ ਬਿਸੇਂਜ ਨੇ ਕਿਹਾ ਕਿ ਉਹ ਅਜੇ ਤੱਕ ਉਨ੍ਹਾਂ ਰਿਪੋਰਟਾਂ ਦੀ ਪੁਸ਼ਟੀ ਨਹੀਂ ਕਰ ਸਕਦੇ, ਜਿਸ ਵਿਚ ਕਿਹਾ ਗਿਆ ਹੈ ਕਿ 5 ਲੋਕਾਂ ਨੇ ਇਮਾਰਤ ਤੋਂ ਛਾਲ ਮਾਰ ਦਿੱਤੀ। ਬਿਸੇਂਜ ਨੇ ਕਿਹਾ ਕਿ ਘਟਨਾ ਦੀ ਜਾਂਚ ਜਾਰੀ ਹੈ ਅਤੇ ਇਹ ਘਟਨਾ ਸਵੇਰੇ 7 ਵਜੇ ਦੇ ਕਰੀਬ ਵਾਪਰੀ। ਉਨ੍ਹਾਂ ਨੇ ਹੋਰ ਵੇਰਵੇ ਦੇਣ ਤੋਂ ਇਨਕਾਰ ਕਰ ਦਿੱਤਾ। ਮਾਂਟ੍ਰੇਕਸ ਸ਼ਹਿਰ ਹਮੇਸ਼ਾ ਸੈਲਾਨੀਆਂ ਨਾਲ ਗੂੰਜਦਾ ਰਹਿੰਦਾ ਹੈ ਅਤੇ ਇੱਥੇ ਸਾਲਾਨਾ ਜੈਜ਼ ਤਿਉਹਾਰ ਕਾਫੀ ਮਸ਼ਹੂਰ ਹੈ।




# ਪੰਜਾਬ ’ਚੋਂ ਰਾਜ ਸਭਾ ਲਈ ਆਮ ਆਦਮੀ ਪਾਰਟੀ ਦੇ ਸਾਰੇ 5 ਉਮੀਦਵਾਰ ਬਗ਼ੈਰ ਮੁਕਾਬਲਾ ਜੇਤੂ



**ਚੰਡੀਗੜ੍ਹ/ਲੋਕ ਬਾਣੀ**

ਪੰਜਾਬ ’ਚੋਂ ਰਾਜ ਸਭਾ ਦੀਆਂ ਪੰਜ ਸੀਟਾਂ ’ਤੇ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਬਗੈਰ ਮੁਕਾਬਲਾ ਜੇਤੂ ਕਰਾਰ ਦਿੱਤੇ ਗਏ ਹਨ। ਰਾਜ ਸਭਾ ਚੋਣ ਪੰਜਾਬ 2022 ਲਈ ਅੱਜ ਕਾਗਜ਼ ਵਾਪਸ ਲੈਣ ਦਾ ਆਖਰੀ ਦਿਨ ਸੀ। ਇਸ ਚੋਣ ਵਿੱਚ ਸੰਦੀਪ ਕੁਮਾਰ ਪਾਠਕ, ਰਾਘਵ ਚੱਢਾ, ਹਰਭਜਨ ਸਿੰਘ, ਅਸ਼ੋਕ ਮਿੱਤਲ ਅਤੇ ਸੰਜੀਵ ਅਰੋੜਾ ਬਿਨਾਂ ਮੁਕਾਬਲਾ ਜੇਤੂ ਰਹੇ ਹਨ।

# ਭਾਜਪਾ ਆਗੂ ਅਰਵਿੰਦ ਖੰਨਾ ਨੇ CM ਮਾਨ ਨੂੰ ਲਿਖੀ ਚਿੱਠੀ

**ਸੰਗਰੂਰ/ਲੋਕ ਬਾਣੀ:-** ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਅਤੇ ਸਾਬਕਾ ਵਿਧਾਇਕ ਅਰਵਿੰਦ ਖੰਨਾ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੰਜਾਬ ਦੀਆਂ ਪ੍ਰਾਈਵੇਟ ਤੇ ਡੀਮਡ ਯੂਨੀਵਰਸਿਟੀਆਂ ’ਚ ਉੱਚ ਸਿੱਖਿਆ ਹਾਸਲ ਕਰ ਰਹੇ ਵਿਦਿਆਰਥੀਆਂ ਦੀ ਇਕ ਵੱਡੀ ਪ੍ਰੇਸ਼ਾਨੀ ਦਾ ਹੱਲ ਕਰਨ ਲਈ ਚਿੱਠੀ ਲਿਖੀ ਹੈ। ਧੂਰੀ ਅਤੇ ਸੰਗਰੂਰ ਤੋਂ ਸਾਬਕਾ ਵਿਧਾਇਕ ਤੇ ਭਾਜਪਾ ਦੇ ਸੀਨੀਅਰ ਆਗੂ ਅਰਵਿੰਦ ਖੰਨਾ ਨੇ ਕਿਹਾ ਕਿ ਪੰਜਾਬ ’ਚ ਪ੍ਰਾਈਵੇਟ ਯੂਨੀਵਰਸਿਟੀਆਂ ’ਤੇ ਸਰਕਾਰ ਦਾ ਕੋਈ ਕੰਟਰੋਲ ਨਹੀਂ ਹੈ। ਉਨ੍ਹਾਂ ਮੁੱਖ ਮੰਤਰੀ ਨੂੰ ਅਪੀਲ ਕਰਦਿਆਂ ਕਿਹਾ ਕਿ ਨਵੀਂ ਵਿੱਦਿਅਕ ਨੀਤੀ ਬਣਾਈ ਜਾਵੇ, ਤਾਂ ਜੋ ਪ੍ਰਾਈਵੇਟ ਯੂਨੀਵਰਸਿਟੀਆਂ ਦੀ ਮਨਮਾਨੀ ਰੋਕੀ ਜਾ ਸਕੇ, ਜਿਸ ਨਾਲ ਉਚੇਰੀ ਵਿੱਦਿਆ ਹਾਸਲ ਕਰਨ ਵਾਲੇ ਵਿਦਿਆਰਥੀਆਂ ਦੀ ਹੋ ਰਹੀ ਲੁੱਟ-ਖਸੁੱਟ ਬੰਦ ਹੋ ਸਕੇ। ਭਾਜਪਾ ਆਗੂ ਨੇ ਕਿਹਾ ਕਿ ਪੰਜਾਬ ’ਚ ਪ੍ਰਾਈਵੇਟ ਯੂਨੀਵਰਸਿਟੀਆਂ, ਭਾਵੇਂ ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕੀਤੇ ਕਾਨੂੰਨਾਂ ਅਧੀਨ ਬਣਾਈਆਂ ਗਈਆਂ ਹਨ ਪਰ ਕਿਸੇ ਬਾਹਰੀ ਏਜੰਸੀ ਵੱਲੋਂ ਇਨ੍ਹਾਂ ਦੀ ਕੋਈ ਆਜ਼ਾਦ ਨਿਗਰਾਨੀ ਨਹੀਂ ਕੀਤੀ ਜਾਂਦੀ। ਸੂਬਾ ਸਰਕਾਰ ਦੀ ਅਮਲੀ ਤੌਰ ’ਤੇ ਕੋਈ ਭੂਮਿਕਾ ਨਹੀਂ ਹੈ ਅਤੇ ਪੰਜਾਬ ਦੇ ਮਾਣਯੋਗ ਰਾਜਪਾਲ ਯੂਨੀਵਰਸਿਟੀ ਦੇ ਇਕ ਸਾਬਕਾ ਵਿਜ਼ਿਟਰ ਹਨ, ਜ ਇਹ ਸਿਰਫ ਇਕ ਰਸਮੀ

# ਗੰਭੀਰ ਵਿੱਤੀ ਸੰਕਟ ’ਚ ਪੰਜਾਬੀ ਯੂਨੀਵਰਸਿਟੀ, ਤਨਖਾਹਾਂ ਦੇਣ ਲਈ ਵੀ ਨਹੀਂ ਹਨ ਪੈਸੇ



**ਪਟਿਆਲਾ/ਲੋਕ ਬਾਣੀ**

ਪੰਜਾਬੀ ਯੂਨੀਵਰਸਿਟੀ ਇਸ ਸਮੇਂ ਬੇਹੱਦ ਬੁਰੇ ਦੌਰ @ਚੋਂ ਲੰਘਣ ਕਾਰਨ ਗੰਭੀਰ ਵਿੱਤੀ ਸੰਕਟ ਦਾ ਸ਼ਿਕਾਰ ਹੋ ਗਈ ਹੈ। ਯੂਨੀਵਰਸਿਟੀ ਵੱਲੋਂ ਸਾਲ 2022-23 ਦੇ ਬਜਟ @ਚ ਸਾਲਾਨਾ ਘਾਟਾ 207 ਕਰੋੜ 54 ਲੱਖ 14 ਹਜ਼ਾਰ 250 ਰੁਪਏ ਦਿਖਾਇਆ ਗਿਆ ਹੈ। ਇਸ ਤੋਂ ਬਿਨਾਂ ਚਾਲੂ ਸਾਲ 2021-22 ਦਾ ਬਜਟ ਦਾ ਘਾਟਾ 168 ਕਰੋੜ 24 ਲੱਖ 49 ਹਜ਼ਾਰ 924 ਰੁਪਏ ਹੈ, ਜਦੋਂ ਕਿ 150 ਕਰੋੜ ਪਹਿਲਾਂ ਹੀ ਯੂਨੀਵਰਸਿਟੀ ਨੇ ਸਿੱਧਾ ਕਰਜ਼ਾ ਬੈਂਕ ਤੋਂ ਲਿਆ ਹੋਇਆ ਹੈ। ਇਸ ਤਰ੍ਹਾਂ ਇਹ ਕੁਲ ਘਾਟਾ 525 ਕਰੋੜ ਰੁਪਏ ਦੇ ਲਗਭਗ ਬਣ ਜਾਵੇਗਾ, ਜੋ ਕਿ ਸਾਲ 2022-23 ਦੇ ਟੋਟਲ ਬਜਟ ਤੋਂ ਵੀ ਵੱਡਾ ਹੋਵੇਗਾ।

ਪੰਜਾਬੀ ਯੂਨੀਵਰਸਿਟੀ ਪਿਛਲੇ ਇਕ ਦਹਾਕੇ ਤੋਂ ਬੁਰੀ ਤਰ੍ਹਾਂ ਵਿੱਤੀ ਸੰਕਟ @ਚ ਘਿਰੀ ਹੋਈ ਹੈ। ਅਕਾਲੀ ਸਰਕਾਰ ਸਮੇਂ ਰਹੇ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਆਪਣੇ ਡਿਪਲੋਮੇਟ ਤਰੀਕੇ ਰਾਹੀਂ ਸਰਕਾਰ ਤੋਂ ਪੈਸੇ ਲੈ ਕੇ ਕੰਮ ਚਲਾਉਂਦੇ ਰਹੇ। ਉਨ੍ਹਾਂ ਤਕਰੀਬਨ ਆਪਣੇ 8 ਤੋਂ 9 ਸਾਲ ਦੇ ਕਾਰਜਕਾਲ @ਚ ਕੋਈ ਤਨਖਾਹ ਰੁਕਣ ਨਹੀਂ ਦਿੱਤੀ। ਕਾਂਗਰਸ ਸਰਕਾਰ ਨੇ ਡਾ. ਬੀ. ਐੱਸ. ਘੁੰਮਣ ਨੂੰ ਚਾਂਸਲਰ ਨਿਯੁਕਤ ਕੀਤਾ ਸੀ। ਡਾ. ਘੁੰਮਣ ਵੀ ਸਾਢੇ 3 ਸਾਲ ਦੇ ਕਰੀਬ ਵੀ. ਸੀ. ਰਹੇ। ਉਨ੍ਹਾਂ ਨੇ ਵੀ ਯੂਨੀਵਰਸਿਟੀ ਨੂੰ ਚਲਾਉਣ ਦੀ ਪੂਰੀ ਕੋਸ਼ਿਸ਼ ਕੀਤੀ ਅਤੇ ਜੁਗਾੜ ਕਰਕੇ ਮੁਲਾਜ਼ਮਾਂ ਦੀਆਂ ਤਨਖਾਹਾਂ ਦਿੱਤੀਆਂ। ਦੂਜੀ 3 ਸਾਲ ਦੀ ਐਕਸਟੈਂਸ਼ਨ ਮਿਲਣ @ਤੇ ਉਹ 6 ਮਹੀਨੇ ਬਾਅਦ ਹੀ ਅਸਤੀਫਾ ਦੇ ਗਏ ਕਿਉਂਕਿ ਉਸ ਸਮੇਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਯੂਨੀਵਰਸਿਟੀ ਦੀ ਬਾਂਹ ਫੜਨ ਤੋਂ ਨਾਂਹ ਕਰ ਦਿੱਤੀ ਸੀ। ਕਾਂਗਰਸ ਸਰਕਾਰ ਨੇ ਪਿਛਲੇ ਕੁਝ ਮਹੀਨਿਆਂ ਤੋਂ ਡਾ. ਅਰਵਿੰਦ ਨੂੰ ਵਾਈਸ ਚਾਂਸਲਰ ਨਿਯੁਕਤ ਕੀਤਾ, ਜੋ ਯੂਨੀਵਰਸਿਟੀ ਨੂੰ ਧੱਕਾ ਦੇ ਕੇ ਹੀ ਚਲਾ ਰਹੇ ਹਨ।

ਹੁਣ 29 ਮਾਰਚ ਨੂੰ ਸਾਲ 2022-23 ਲਈ ਆਪਣਾ ਬਜਟ ਪੇਸ਼ ਕਰਨ ਜਾ ਰਹੀ ਪੰਜਾਬੀ ਯੂਨੀਵਰਸਿਟੀ ਨੂੰ ਪੂਰੇ ਸਾਲ @ਚ ਸਾਰੇ ਸਰੋਤਾਂ ਤੋਂ 32124066660 ਰੁਪਏ ਪ੍ਰਾਪਤ ਹੋਣ ਦੀ ਉਮੀਦ ਹੈ, ਜਦੋਂਕਿ ਯੂਨੀਵਰਸਿਟੀ ਦੇ ਸਾਰੇ ਖਰਚੇ 5287820910 ਰੁਪਏ ਹੋਣਗੇ। ਇਸ ਤਰ੍ਹਾਂ ਯੂਨੀਵਰਸਿਟੀ ਨੂੰ ਆਉਣ ਵਾਲੇ ਸਾਲ @ਚ 2075414250 ਰੁਪਏ ਘਾਟਾ ਪਵੇਗਾ।

ਪੰਜਾਬੀ ਯੂਨੀਵਰਸਿਟੀ ਨੇ ਓਵਰ ਡਰਾਫਟਿੰਗ ਰਾਹੀਂ ਲਿਆ ਕਰਜ਼ਾ 150 ਕਰੋੜ ਤੋਂ ਵਧਾ ਲਿਆ ਹੈ। ਇਸ ਕਰਜ਼ੇ @ਤੇ ਅੰਦਾਜ਼ਨ 2 ਕਰੋੜ ਰੁਪਏ ਤੋਂ ਵੱਧ ਮਹੀਨਾ ਵਿਆਜ ਪੈ ਰਿਹਾ ਹੈ ਪਰ ਯੂਨੀਵਰਸਿਟੀ ਕੋਲ ਤਾਂ ਤਨਖਾਹਾਂ ਦੇਣ ਨੂੰ ਵੀ ਪੈਸੇ ਨਹੀਂ ਹਨ। ਇਸ ਤਰ੍ਹਾਂ ਯੂਨੀਵਰਸਿਟੀ ਦੀ ਮੰਥਲੀ ਗ੍ਰਾਂਟ ਸਾਢੇ 9 ਕਰੋੜ ਤੋਂ 20 ਕਰੋੜ ਕਰਨ ਦਾ ਦਾਅਵਾ ਕੀਤਾ ਗਿਆ ਸੀ ਪਰ ਉਹ ਵੀ ਨਹੀਂ ਵਧੀ, ਜਿਸ ਕਾਰਨ ਪੁਜ਼ੀਸ਼ਨ ਇਹ ਬਣ ਗਈ ਕਿ ਅੱਜ ਤਨਖਾਹਾਂ ਦੇਣ ਦੇ ਵੀ ਲਾਲੇ ਪੈ ਗਏ ਹਨ। ਪੰਜਾਬੀ ਯੂਨੀਵਰਸਿਟੀ ਵਿਖੇ ਹਰ ਮਹੀਨੇ ਮੁਲਾਜ਼ਮਾਂ ਦੀ ਤਨਖਾਹ 30 ਕਰੋੜ ਰੁਪਏ ਦੇ ਕਰੀਬ ਬਣਦੀ ਹੈ। ਹੁਣ 29 ਮਾਰਚ ਨੂੰ ਹੋ ਰਹੀ ਯੂਨੀਵਰਸਿਟੀ ਦੀ ਸਿੰਡੀਕੇਟ @ਚ ਪੰਜਾਬ ਸਰਕਾਰ ਵੱਲੋਂ ਲਾਗੂ ਕੀਤਾ ਪੇ-ਕਮਿਸ਼ਨ ਲਿਆਉਣਾ ਯੂਨੀਵਰਸਿਟੀ ਦੀ ਮਜਬੂਰੀ ਹੈ, ਜਿਸ ਨਾਲ 30 ਕਰੋੜ ਰੁਪਏ ਦੇ ਲਗਭਗ 35 ਕਰੋੜ ਰੁਪਏ ਪੁੱਜਣ ਦੀ ਆਸ ਹੈ। ਯੂਨੀਵਰਸਿਟੀ ਨੂੰ ਤਨਖਾਹਾਂ ਦੇਣ ਦੇ ਲਾਲੇ ਪਏ ਹੋਏ ਹਨ, ਜੇਕਰ ਹਾਲਾਤ ਇਸੇ ਤਰ੍ਹਾਂ ਰਹੇ ਤਾਂ ਯੂਨੀਵਰਸਿਟੀ ਵਿਕਣ ਤੱਕ ਦੀ ਨੌਬਤ ਆ ਜਾਵੇਗੀ।

# ਹਰਿਆਣਾ ਪੇਪਰ ਲੀਕ ਮਾਮਲਾ: ਸੋਨੀਪਤ STF ਨੇ 3 ਹੋਰ ਦੋਸ਼ੀ ਕੀਤੇ ਗ੍ਰਿਫਤਾਰ

**ਸੋਨੀਪਤ/ਲੋਕ ਬਾਣੀ**

ਪੇਪਰ ਲੀਕ ਕਰਨ ਵਾਲੇ ਸਾਲਵਰ ਗਿਰੋਹ ਦੇ 3 ਹੋਰਨਾਂ ਮੁਲਜ਼ਮਾਂ ਨੂੰ ਐੱਸ. ਟੀ. ਐੱਫ. ਸੋਨੀਪਤ ਨੇ ਗ੍ਰਿਫਤਾਰ ਕੀਤਾ ਹੈ। ਹੁਣ ਤੱਕ 38 ਮੁਲਜ਼ਮ ਇਸ ਮਾਮਲੇ ’ਚ ਗ੍ਰਿਫਤਾਰ ਹੋ ਚੁਕੇ ਹਨ। ਮੁਲਜ਼ਮਾਂ ’ਚ ਸੋਨੀਪਤ ਦੇ ਪਿੰਡ ਸਿਕੰਦਰਪੁਰ ਮਾਜਰਾ ਦਾ ਸੁਨੀਲ ਕੁਮਾਰ, ਭਗਤ ਸਿੰਘ ਕਾਲੋਨੀ ਦਾ ਮਨਜੀਤ ਅਤੇ ਝੱਜਰ ਦੇ ਖੌਰਪੁਰ ਪਿੰਡ ਦਾ ਵਿਸ਼ਾਲ ਸ਼ਾਮਲ ਹਨ। ਇਨ੍ਹਾਂ ’ਚੋਂ ਮਨਜੀਤ ਉਕਤ ਗੈਂਗ ਨਾਲ ਜੁੜ ਕੇ ਪੇਪਰ ਪਾਸ ਕਰਨ ਪਿਛੋਂ ਰੇਲਵੇ ’ਚ ਨੌਕਰੀ ਹਾਸਲ ਕਰ ਚੁਕਾ ਹੈ। ਵਿਸ਼ਾਲ ਯੈੱਸ ਬੈਂਕ ’ਚ ਮੁਲਾਜ਼ਮ ਹੈ। ਤੀਜਾ ਮੁਲਜ਼ਮ ਸੁਨੀਲ ਗੁਹਾਨਾ ਵਿਖੇ ਕੋਚਿੰਗ ਸੈਂਟਰ ਚਲਾਉਂਦਾ ਹੈ। ਨਾਲ ਹੀ ਉਸ ਦੀ ਦੋ ਲੈਬਾਰਟਰੀਆਂ ’ਚ ਭਾਈਵਾਲੀ ਵੀ ਹੈ। ਤਿੰਨੋਂ ਮੁਲਜ਼ਮ ਗੈਂਗ ਲਈ ਵਿਦਿਆਰਥੀ ਲੈ ਕੇ ਆਉਂਦੇ ਸਨ। ਉਨ੍ਹਾਂ ਨੂੰ 5 ਲੱਖ ਰੁਪਏ ਤੱਕ ਕਮਿਸ਼ਨ ਮਿਲਦੀ ਸੀ।

ਐੱਸ. ਟੀ. ਐੱਫ. ਸੋਨੀਪਤ ਦੇ ਇੰਚਾਰਜ ਇੰਸਪੈਕਟਰ ਸਤੀਸ਼ ਨੇ ਦੱਸਿਆ ਕਿ ਪਾਨੀਪਤ ’ਚ ਦਰਜ ਮੁਕੱਦਮੇ ’ਚ ਸੁਨੀਲ, ਮਨਜੀਤ ਅਤੇ ਵਿਸ਼ਾਲ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਉਕਤ ਗਿਰੋਹ 2013 ਤੋਂ ਸਰਗਰਮ ਸੀ। ਗਿਰੋਹ ਦਾ ਮੁਖੀ ਦਿੱਲੀ ਪੁਲਸ ਦੇ ਇਕ ਸਿਪਾਹੀ ਰੋਬਿਨ ਦੇ ਨਾਲ ਹੀ ਰੂਸ ਦੇ ਇਕ ਹੈਕਰ ਨਾਲ ਮਿਲਿਆ ਹੋਇਆ ਸੀ । ਪੂਰੀ ਲੈਬਾਰਟਰੀ ਹੈਕ ਕਰਵਾਉਣ ਦੇ ਇਕ ਮੁਲਜ਼ਮ ਪਲਵਲ ਦੇ ਇਕ ਪਿੰਡ ਅਤਰਚਕਾ ਦੇ ਰਾਜ ਸਿੰਘ ਸਮੇਤ 38 ਮੁਲਜ਼ਮਾਂ ਦੀ ਹੁਣ ਤੱਕ ਗ੍ਰਿਫਤਾਰੀ ਹੋ ਚੁਕੀ ਹੈ।

# ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੀ ਸ਼ਹਾਦਤ ਨੂੰ ਜੂਡੋ ਖਿਡਾਰੀਆਂ ਨੇ ਕੀਤਾ ਨਮਨ

## ਭਗਤ ਸਿੰਘ ਦੀ ਵਿਚਾਰਧਾਰਾ ਨੂੰ ਘਰ ਘਰ ਫੈਲਾਉਣ ਦਾ ਦਿੱਤਾ ਹੋਕਾ



**ਗੁਰਦਾਸਪੁਰ/ਨਵਨੀਤ ਕੁਮਾਰ**

ਸਹੀਦੇ ਆਜ਼ਮ ਸਰਦਾਰ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ 23 ਮਾਰਚ ਨੂੰ ਹੋਈ ਸ਼ਹਾਦਤ ਮੌਕੇ ਸ਼ਹੀਦ ਭਗਤ ਸਿੰਘ ਜੂਡੋ ਸੈਂਟਰ ਗੁਰਦਾਸਪੁਰ ਵਿਖੇ ਜੂਡੋ ਖਿਡਾਰੀਆਂ ਅਤੇ ਖੇਡ ਪ੍ਰੇਮੀਆਂ ਵੱਲੋਂ ਸ਼ਰਧਾਂਜਲੀ ਸਮਾਗਮ ਆਯੋਜਿਤ ਕੀਤਾ ਗਿਆ। ਕੌਮੀ ਸ਼ਹੀਦਾਂ ਦੀ ਫੋਟੋ ਨੂੰ ਮਾਲ਼ਾ ਅਰਪਣ ਕਰ ਕੇ ਜੂਡੋ ਖਿਡਾਰੀਆਂ ਵਲੋਂ ਮਸ਼ਾਲ ਮਾਰਚ ਕੀਤਾ ਗਿਆ। ਇਸ ਮੌਕੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਸੂਬਾ ਮੀਤ ਪ੍ਰਧਾਨ ਅਮਰ ਕ੍ਰਾਂਤੀ ਨੇ ਕਿਹਾ ਕਿ ਭਗਤ ਸਿੰਘ ਪਰਮ ਗੁਣੀ ਫਿਲਾਸਫਰ ਸੀ ਜੋ ਅੰਗਰੇਜ਼ ਸਾਮਰਾਜ ਨੂੰ ਖਤਮ ਕਰਕੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖਤਮ ਕਰਨ ਵਾਲ਼ਾ ਰਾਜ਼ ਸਥਾਪਤ ਕਰਨਾ ਚਾਹੁੰਦਾ ਸੀ। ਉਸਦੀ ਫਿਲਾਸਫੀ ਅਨੁਸਾਰ ਜਾਤੀ ਰਹਿਤ ਸਮਾਜ, ਸਭ ਨੂੰ ਰੁਜ਼ਗਾਰ, ਕਿਰਸਾਨਾ ਮਜ਼ਦੂਰਾਂ ਦੀ ਪ੍ਰਭੁਸੱਤਾ ਵਾਲਾ ਰਾਜ ਹੀ ਲੋਕ ਮੁਕਤੀ ਦਾ ਪ੍ਰਤੀਕ ਹੈ। ਇਸ ਦੀ ਤਿਆਰੀ ਲਈ ਉਨ੍ਹਾਂ ਨੇ ਵਿਦਿਆਰਥੀਆਂ ਅਤੇ ਨੌਜਵਾਨਾਂ ਨੂੰ ਲਾਮਬੰਦ ਕਰਨ ਲਈ ਪੰਜਾਬ ਸਟੂਡੈਂਟਸ ਯੂਨੀਅਨ ਅਤੇ ਨੌਜਵਾਨ ਭਾਰਤ ਸਭਾ ਬਣਾ ਕੇ ਅੰਗਰੇਜ਼ਾਂ ਵਿਰੁੱਧ ਯੁੱਧ ਦਾ ਐਲਾਨ ਕੀਤਾ ਸੀ। ਇਸ ਮੌਕੇ ਪ੍ਰਿੰਸੀਪਲ ਅਮਰਜੀਤ ਸਿੰਘ ਮਨੀ, ਪ੍ਰਿੰਸੀਪਲ ਕੁਲਵੰਤ ਸਿੰਘ, ਅਤੇ ਅਮਰਜੀਤ ਸ਼ਾਸਤਰੀ ਨੇ ਖਿਡਾਰੀਆਂ ਨੂੰ ਸਰਦਾਰ ਭਗਤ ਸਿੰਘ ਦੀ ਵਿਚਾਰਧਾਰਾ ਨੂੰ ਸਮਝਣ ਲਈ ਕਿਤਾਬਾਂ ਨਾਲ ਸਾਂਝ ਪਾਉਣ, ਨਸ਼ਿਆਂ ਤੋਂ ਦੂਰ ਰਹਿਣ, ਅਤੇ ਸਮਾਜਿਕ ਕੁਰੀਤੀਆਂ ਵਿਰੁੱਧ ਆਵਾਜ਼ ਉਠਾਉਣ, ਫਿਰਕੂ ਸਦਭਾਵਨਾ ਕਾਇਮ ਰੱਖਣ ਦੀ ਲੋੜ ਤੇ ਜੋਰ ਦਿੱਤਾ। ਜੂਡੋਕਾ ਫੈਲਫੇਅਰ ਸੁਸਾਇਟੀ ਗੁਰਦਾਸਪੁਰ ਦੇ ਜਰਨਲ ਸਕੱਤਰ ਸਤੀਸ਼ ਕੁਮਾਰ ਨੇ ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਮੌਕੇ 28 ਸਤੰਬਰ ਨੂੰ ਹਰ ਸਾਲ ਜੂਡੋ ਖੇਡ ਮੁਕਾਬਲੇ ਕਰਵਾਉਣ, ਅਤੇ ਉਭਰਦੇ ਖਿਡਾਰੀਆਂ ਨੂੰ ਸਨਮਾਨਿਤ ਕਰਨ ਦਾ ਐਲਾਨ ਕੀਤਾ। ਖਿਡਾਰੀਆਂ ਵਲੋਂ ਭਗਤ ਸਿੰਘ ਦੀ ਵਿਚਾਰਧਾਰਾ ਘਰ ਘਰ ਪਹੁੰਚਾਉਣ ਲਈ ਆਪਣਾ ਸਹਿਯੋਗ ਦੇਣ ਦਾ ਪ੍ਰਣ ਲਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਵਿੰਦਰ ਖੰਨਾ, ਅਰੁਣ ਮਹਾਜਨ ਹਾਜ਼ਰ ਸਨ।

# ਨਗਰ ਸੁਧਾਰ ਟਰੱਸਟ ਦਫਤਰ ਸਾਹਮਣੇ ਚੱਲ ਰਹੇ ਕਿਸਾਨ ਧਰਨੇ ਨੂੰ 74 ਦਿਨ ਹੋਏ




## ਧਰਨੇ ਦਾ ਦਬਾਅ ਨਾਲ ਕੱਲ੍ਹ ਚੈੱਕ ਵੰਡਣ ਦਾ ਕੀਤਾ ਵਾਅਦਾ

**ਗੁਰਦਾਸਪੁਰ/ਨਵਨੀਤ ਕੁਮਾਰ**

ਨਗਰ ਸੁਧਾਰ ਟਰੱਸਟ ਗੁਰਦਾਸਪੁਰ ਦੀ ਸਕੀਮ ਨੰਬਰ ਸੱਤ ਦੇ ਪੀਡ ?ਤ ਕਿਸਾਨ ਜਿਹੜੇ ਪਿਛਲੇ ਬਾਰਾਂ ਸਾਲ ਤੋਂ ਆਪਣੀ ਜ਼ਮੀਨ ਦੇ ਮੁਆਵਜ਼ੇ ਲਈ ਤਰਸ ਰਹੇ ਹਨ ਅਤੇ ਹੁਣ ਸਾਂਝੀ ਜੱਦੋਜਹਿਦ ਦੇ ਰਾਹ ਪਏ ਹਨ ਫੋਨਾਂ ਦਾ ਅੱਜ ਇੱਥੇ ਦਫ਼ਤਰ ਸਾਹਮਣੇ ਧਰਨਾ ਚਹੱਤਰ ਵੇਂ ਦਿਨ ਵਿੱਚ ਪੁੱਜ ਗਿਆ ਹੈ ।ਇਸ ਮੌਕੇ ਬੋਲਦਿਆਂ ਬੁਲਾਰਿਆਂ ਨੇ ਕਿਹਾ ਕਿ ਬਾਰਾਂ ਵਰ੍ਹਿਆਂ ਬਾਅਦ ਤਾਂ ਰੂੜੀ ਦੀ ਵੀ ਸੁਣੀ ਜਾਂਦੀ ਹੈ ਪਰ ਨਗਰ ਸੁਧਾਰ ਟਰੱਸਟ ਗੁਰਦਾਸਪੁਰ ਨੇ ਕਿਸਾਨਾਂ ਦੀ ਇੱਕ ਨਹੀਂ ਸੁਣੀ ਤੇ ਹੁਣ ਤੱਕ ਕਰੋੜਾਂ ਰੁਪਏ ਦਾ ਬਕਾਇਆ ਹਾਲੇ ਰਹਿੰਦਾ ਹੈ ।ਪ੍ਰੀਸ਼ਦ ਨੇ ਕੀਤੀ ਮੀਟਿੰਗ ਵਿੱਚ ਉਨ੍ਹਾਂ ਵਾਅਦਾ ਕੀਤਾ ਸੀ ਕਿ ਇੱਕੀ ਤਰੀਕ ਨੂੰ ਸਾਰੇ ਚੈੱਕ ਅਦਾ ਕਰ ਦਿੱਤੇ ਜਾਣਗੇ ਪ੍ਰੰਤੂ ਐਸਾ ਨਹੀਂ ਹੋਇਆ ਅੱਜ ਫਿਰ ਜਦ ਵੱਡਾ ਐਕਸ਼ਨ ਕਰਨ ਤੋਂ ਪਹਿਲਾਂ ਅਧਿਕਾਰੀਆਂ ਨਾਲ ਗੱਲਬਾਤ ਹੋਈ ਤਾਂ ਉਨ੍ਹਾਂ ਇਹ ਅਦਾਇਗੀ ਕੱਲ ਕਰ ਦੇਣ ਦਾ ਵਾਅਦਾ ਕੀਤਾ ।ਆਗੂਆਂ ਨੇ ਕਿਹਾ ਕਿ ਲਗਪਗ ਇੱਕ ਕਰੋੜ ਦੀ ਕਿਸ਼ਤ ਹੀ ਹੈ ਜਦਕਿ ਕਰੀਬ ਨੌਂ ਕਰੋੜ ਹੋਰ ਹਾਲੇ ਦੇਣ ਵਾਲੇ ਰਹਿੰਦੇ ਹਨ ।ਭਗਵਾਂ ਸਪੱਸ਼ਟ ਕੀਤਾ ਕਿ ਇਹ ਕਿਸ ਜੇ ਕਾਹਲੀ ਵੀ ਨਾ ਮਿਲੀ ਤਾਂ ਫੇਰ ਅਗਲੇਰੀ ਕਾਰਵਾਈ ਕੀਤੀ ਜਾਵੇਗੀ ।ਬੁਲਾਰਿਆਂ ਕਿਹਾ ਕਿ ਇਹ ਧਰਨਾ ਉਨ੍ਹਾਂ ਚਿਰ ਤਕ ਜਾਰੀ ਰਹੇਗਾ ਜਿੰਨਾ ਚਿਰ ਤੱਕ ਪੂਰੀ ਅਦਾਇਗੀ ਨਹੀਂ ਹੋ ਜਾਂਦੀ । ਇਸ ਮੌਕੇ ਹੋਰਨਾਂ ਤੋਂ ਇਲਾਵਾ ਕਪੂਰ ਸਿੰਘ ਘੁੰਮਣ ਬਲਬੀਰ ਸਿੰਘ ਰੰਧਾਵਾ ਬਲਵਿੰਦਰ ਕੌਰ ,ਅਮਰਜੀਤ ਕੌਰ ਘੁਰਾਲਾ ,ਸਰਵਨ ਸਿੰਘ ਭੋਲਾ ,ਬਲਪ੍ਰੀਤ ਸਿੰਘ ਘੁਰਾਲਾ ,ਬਲਬੀਰ ਸਿੰਘ , ਗੋਸਲ ,ਅਵਤਾਰ ਸਿੰਘ ਸਿੰਘਪੁਰਾ ,ਸਰਵਣ ਸਿੰਘ ਰੜੇਵਾਲੀ,ਝਿਰਮਲ ਸਿੰਘ ਝੰਗੀ , ਸੁਰਿੰਦਰ ਸਿੰਘ ਕੋਠੇ ਘੁਰਾਲਾ ,ਸੁਰਿੰਦਰ ਸਿੰਘ ,ਪਲਵਿੰਦਰ ਸਿੰਘ ,ਪ੍ਰੇਮ ਮਸੀਹ ਸੋਨਾ ,ਜੰਗ ਬਹਾਦਰ ਭਾਗੋਕਾਵਾਂ ,ਗੁਰਮੀਤ ਸਿੰਘ ,ਬਚਨ ਸਿੰਘ ,ਗੁਰਦੀਪ ਸਿੰਘ ਕਠਿਆਲੀ ,ਜਗੀਰ ਮਸੀਹ ,ਬਲਵੰਤ ਸਿੰਘ ,ਬਿਸਨ ਮਸੀਹ ,ਵਿੱਕੀ ਮੱਲੀਆ,ਸਾਬੀ,ਰਘਬੀਰ ਸਿੰਘ,ਤੇਜਬੀਰ ਸਿੰਘ , ਗੁਰਮੇਲ ਸਿੰਘ , ਸੁਰਜੀਤ ਕੁਮਾਰ ਤੇ ਸੰਦੀਪ ਆਦਿ ਹਾਜਰ ਸਨ।

# ਆਪ ਸਰਕਾਰ ਵੱਲੋਂ ਐਂਟੀਕੁਰੱਪਸ਼ਨ ਹੈਲਪਲਾਈਨ ਨੰਬਰ ਜਾਰੀ ਕਰਨਾ ਸ਼ਲਾਘਾਯੋਗ ਕਦਮ : ਗੋਰਾ,ਸ਼ਰਮਾ





**ਕਪੂਰਥਲਾ/ਜੀ ਐਸ:-** 'ਪੰਜਾਬ ਵਿੱਚ ਆਮ ਆਦਮੀ ਦੀ ਸਰਕਾਰ ਬਣਦਿਆਂ ਹੀ ਭ੍ਰਿਸ਼ਟਾਚਾਰ ਮੁਕਤ ਸਰਕਾਰ ਦੇਣ ਦਾ ਦਾਅਵਾ ਪੂਰਾ ਕਰਨ ਦੇ ਯਤਨਾ ਵੱਲ ਪੁੱਟਿਆ ਪਹਿਲਾ ਕਦਮ ਸ਼ਲਾਘਾਯੋਗ ਹੈ,ਇਹਨਾ ਵਿਚਾਰਾਂ ਦਾ ਪ੍ਰਗਟਾਵਾ ਅੱਜ ਸੀਨੀਅਰ ਆਗੂ ਆਪ ਸੁਰਜੀਤ ਸਿੰਘ ਗੋਰਾ ਅਤੇ ਗੌਰਵ ਸ਼ਰਮਾ ਦਿਹਾਤੀ ਪ੍ਰਧਾਨ ਆਪ ਨੇ ਪੱਤਰਕਾਰਾਂ ਨਾਲ ਕੀਤਾ। ਉਹਨਾ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਐਂਟੀਕੁਰੱਪਸ਼ਨ ਹੈਲਪਾਈਨ ਨੰਬਰ ਜਾਰੀ ਕਰਨ ਦਾ ਐਲਾਨ ਆਪ ਦਾ ਇਤਿਹਾਸਿਕ ਕਦਮ ਹੈ,ਵਿਧਾਨ ਸਭਾ ਚੋਣਾਂ ਵਿੱਚ ਜੋ ਵਾਅਦੇ ਆਪ ਵੱਲੋਂ ਕੀਤੇ ਗਏ ਸਨ, ਉਹ ਵਾਅਦੇ ਵੀ ਪੂਰੇ ਕੀਤੇ ਜਾ ਰਹੇ ਹਨ। ਉਹਨਾ ਦੱਸਿਆ ਕਿ ਸਮੁੱਚੇ ਪੰਜਾਬ ਵਿੱਚ ਹੁਣ ਬਿਨਾ ਕਿਸੇ ਰਿਸ਼ਵਤ ਅਤੇ ਬਿਨਾ ਕਿਸੇ ਪੱਖਪਾਤ ਤੋਂ ਕੰਮ ਹੋਣਗੇ।ਪੰਜਾਬ ਹੁਣ ਤਰੱਕੀ ਦੀ ਰਾਹ ਤੇ ਜਾਵੇਗਾ। ਉਹਨਾ ਦੱਸਿਆ ਹਲਕਾ ਭੁਲੱਥ ਵਿੱਚ ਜੇਕਰ ਕਿਸੇ ਦਾ ਕੋਈ ਕੰਮ ਨਹੀਂ ਹੋ ਰਿਹਾ, ਉਹ ਹਲਕਾ ਇੰਚਾਰਜ ਰਣਜੀਤ ਸਿੰਘ ਰਾਣਾ ਨੂੰ ਮਿਲ ਸਕਦਾ ਹੈ।

# ਬਸੰਤ ਰਿਤੂ ਕਲੱਬ ਵੱਲੋਂ ਸ਼ਹੀਦ-ਏ-ਆਜਮ ਭਗਤ ਸਿੰਘ ਦਾ ਬਲੀਦਾਨ ਦਿਵਸ ਮੌਕੇ ਸ਼ਰਧਾ ਦੇ ਫੁੱਲ ਭੇਂਟ ਕੀਤੇ



**ਪਟਿਆਲਾ/ਜਗਦੀਸ਼**

ਬਸੰਤ ਰਿਤੂ ਯੂਥ ਕਲੱਬ ਤ੍ਰਿਪੜੀ ਪਟਿਆਲਾ ਵੱਲੋਂ ਨਹਿਰੂ ਯੂਵਾ ਕੇਂਦਰ ਪਟਿਆਲਾ ਦੇ ਸਹਿਯੋਗ ਨਾਲ ਸ੍ਰੀ ਭੈਰੋਨਾਥ ਮੰਦਿਰ ਤ੍ਰਿਪੜੀ ਵਿਖੇ ਸ਼ਹੀਦ–ਏ–ਆਜਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਜੀ ਦਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮਾਰੋਹ ਆਯੋਜਿਤ ਕੀਤਾ ਗਿਆ। ਕਲੱਬ ਦੇ ਪ੍ਰਧਾਨ ਇੰਜੀ: ਆਕਰਸ਼ ਸ਼ਰਮਾ ਨੇ ਆਖਿਆ ਕਿ ਸਾਨੂੰ ਸ਼ਹੀਦ–ਏ–ਆਜਮ ਭਗਤ ਸਿੰਘ ਜੀ ਦੇ ਜੀਵਨ ਤੋਂ ਸਿੱਖਿਆ ਲੈ ਕੇ ਆਪਣੇ ਦੇਸ਼ ਦੀ ਰਾਸ਼ਟਰੀ ਏਕਤਾ ਲਈ ਅਤੇ ਵਿਕਾਸ ਦੇ ਕੰਮਾਂ ਵਿੱਚ ਸਹਿਯੋਗ ਕਰਨਾ ਚਾਹੀਦਾ ਹੈ। ਪ੍ਰੋਗਰਾਮ ਦੇ ਮੁੱਖ ਮਹਿਮਾਨ ਸ਼ੰਕਰ ਲਾਲ ਖੁਰਾਣਾ ਸਾਬਕਾ ਕੌਂਸਲਰ ਅਤੇ ਭਾਸ਼ਾ ਵਿਭਾਗ ਦੇ ਸਹਾਇਕ ਡਾਇਰੈਕਟਰ ਪ੍ਰਵੀਨ ਕੁਮਾਰ ਜੀ ਨੇ ਆਪਣੇ ਵਿਚਾਰ ਰੱਖਦੇ ਹੋਏ ਆਖਿਆ ਕਿ ਸ਼ਹੀਦਾਂ ਨੂੰ ਸਹੀ ਮਾਇਨੇ ਵਿੱਚ ਸ਼ਰਧਾਂਜਲੀ ਇਹ ਹੋਵੇਗੀ ਕਿ ਸਾਨੂੰ ਆਪਣੇ ਦੇਸ਼ ਲਈ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਲਈ ਹਮੇਸ਼ਾਂ ਤਿਆਰ ਰਹਿਣਾ ਚਾਹੀਦਾ ਹੈ। ਸਮਾਰੋਹ ਦੇ ਆਖੀਰ ਵਿੱਚ ਕਲੱਬ ਦੇ ਸੰਸਥਾਪਕ ਰਾਜੇਸ਼ ਸ਼ਰਮਾ ਰਾਮਟੱਟਵਾਲੀ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਸ਼ਹੀਦ ਏ ਆਜਮ ਭਗਤ ਸਿੰਘ ਜੀ ਦੀ ਸੋਚ ਨੂੰ ਆਪਣੇ ਜੀਵਨ ਅੰਦਰ ਉਤਾਰਨ ਦੀ ਅਪੀਲ ਵੀ ਕੀਤੀ। ਇਸ ਪ੍ਰੋਗਰਾਮ ਵਿੱਚ ਸੁਰਿੰਦਰ ਸਿੰਘ, ਕਰਮਜੀਤ ਸਿੰਘ ਲੱਕੀ, ਸੰਤੋਸ਼ ਕੁਮਾਰ, ਸ਼ਿਵਮ, ਅਮਰੀਸ਼ ਸ਼ਰਮਾ, ਮੁਕੇਸ਼ ਕੁਮਾਰ, ਅਭੀਨਵ, ਅਨੰਤ, ਸੰਜੀਵ ਕੁਮਾਰ, ਯਸ਼ਪਾਲ ਬੇਦੀ, ਓਮ ਪ੍ਰਾਕਸ਼, ਆਦਿ ਹਾਜਰ ਸਨ।

# 91ਵੇ ਸ਼ਹੀਦੀ ਦਿਵਸ ਤੇ ਸ਼ਹੀਦ ਏ-ਆਜ਼ਮ-ਭਗਤ ਸਿੰਘ ਜੀ, ਸੁਖਦੇਵ, ਰਾਜਗੁਰੂ ਜੀਆ ਨੂੰ ਸਮਰਪਿਤ ਸ਼ਰਧਾਂਜਲੀ ਸਮਾਰੋਹ



**ਪਟਿਆਲਾ/ਜਗਦੀਸ਼**

ਅੱਜ ਰਣਜੀਤ ਨਗਰ ਸਿਓਣਾ ਚੌਕ ਵਿਖੇ ਸ਼ਹੀਦ ਸਰਦਾਰ ਭਗਤ ਸਿੰਘ ਲੋਕ ਭਲਾਈ ਮੰਚ ਪਟਿਆਲਾ ਦਿਹਾਤੀ ਵੱਲੋਂ 91ਵੇ ਸ਼ਹੀਦੀ ਦਿਵਸ ਤੇ ਸ਼ਹੀਦ ਏ ਆਜ਼ਮ ਭਗਤ ਸਿੰਘ ਜੀ , ਸੁਖਦੇਵ, ਰਾਜਗੁਰੂ ਜੀਆ ਨੂੰ ਸਮਰਪਿਤ ਸ਼ਰਧਾਂਜਲੀ ਸਮਾਰੋਹ ਕੀਤਾ ਗਿਆ ਜਿਸ ਵਿਚ ਹਲਕੇ ਦੇ ਵਿਧਾਇਕ ਸ੍ਰੀ ਬਲਬੀਰ ਸਿੰਘ ਜੀ ਦੇ ਸਪੁੱਤਰ ਰਾਹੁਲ ਸੈਣੀ ਜੀ ਵਿਸ਼ੇਸ਼ ਤੌਰ ਤੇ ਪਹੁੰਚੇ ਇਸ ਵਿਚ ਤੇਜਿੰਦਰ ਮਹਿਤਾ ਜ਼ਿਲ੍ਹਾ ਸ਼ਹਿਰੀ ਪ੍ਰਧਾਨ ਅਤੇ ਸ੍ਰੀ ਮੇਘ ਚੰਦ ਸ਼ੇਰਮਾਜਰਾ ਦੇਹਾਤੀ ਜ਼ਿਲ੍ਹਾ ਪ੍ਰਧਾਨ ਪਟਿਆਲਾ ਬਚਿੱਤਰ ਸਿੰਘ ਸੂਬਾ ਪ੍ਰਧਾਨ ਮੁਲਾਜ਼ਮ ਸ੍ਰੀ ਅਸ਼ੋਕ ਸਿਸਵਾਲ ਸੈਕਟਰੀ ਐਸ ਵਿੰਗ,ਇਸ ਮੌਕੇ ਸ਼ਹੀਦ ਏ ਆਜ਼ਮ ਭਗਤ ਸਿੰਘ ਦੀ ਤਸਵੀਰ ਅਤੇ ਸੁਖਦੇਵ ਰਾਜਗੁਰੂ ਦੀ ਤਸਵੀਰ ਤੇ ਫ਼ੁੱਲਮਾਲਾਵਾਂ ਭੇਟ ਕਰਕੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ ਵੱਖ ਵੱਖ ਆਗੂਆਂ ਨੇ ਆਪਣੇ ਸੰਬੋਧਨ ਵਿੱਚ ਸ਼ਹੀਦ ਭਗਤ ਸਿੰਘ ਨੂੰ ਯਾਦ ਕਰਦੇ ਉਨ੍ਹਾਂ ਵੱਲੋਂ ਦੇਸ਼ ਦੀ ਆਜ਼ਾਦੀ ਵਿੱਚ ਅਹਿਮ ਯੋਗਦਾਨ ਸਦਕਾ ਹੀ ਅੱਜ ਦੇਸ਼ ਦੇ ਲੋਕ ਆਜ਼ਾਦੀ ਮਾਣ ਰਹੇ ਹਨ ਅਤੇ ਉਨ੍ਹਾਂ ਨੂੰ ਪੂਰੇ ਸੰਸਾਰ ਦੇ ਅੱਜ ਸ਼ਰਧਾ ਦੇ ਫੁੱਲ ਭੇਟ ਕੀਤੇ ਜਾ ਰਹੇ ਹਨ ਸ਼ਰਧਾਂਜਲੀ ਸਮਾਰੋਹ ਕੀਤੇ ਜਾ ਰਹੇ ਹਨ ਅੱਜ ਪੰਜਾਬ ਦੇ ਲੋਕਾਂ ਨੇ ਇਕ ਨਵਾਂ ਪੰਜਾਬ ਸਿਰਜ ਕੇ ਪੰਜਾਬ ਦੇ ਵਿੱਚ ਬਦਲਾਅ ਲਿਆ ਕੇ ਆਮ ਆਦਮੀ ਪਾਰਟੀ ਸਰਕਾਰ ਬਣਾਈ ਜਿਸ ਦੇ ਆਉਂਦੇ ਸਾਰ ਹੀ ਆਮ ਲੋਕਾਂ ਦੇ ਘਰੇਲੂ ਕੰਮਾਂ ਲਈ ਸਰਕਾਰੀ ਦਫ਼ਤਰਾਂ ਵਿੱਚ ਪੁੱਛ ਪ੍ਰਤੀਤ ਵਧੀ ਹੈ ਅਤੇ ਕੰਮ ਸਹੀ ਢੰਗ ਨਾਲ ਹੋਣ ਲੱਗੇ ਹਨ ਇਸ ਨਾਲ ਆਮ ਲੋਕ ਖ਼ੁਸ਼ ਹਨ ਸ਼੍ਰ: ਨਾਰੰਗ ਸਿੰਘ ਚੀਫ਼ ਐਡਵਾਈਜ਼ਰ ਨੇ ਸੰਬੋਧਨ ਕਰਦੇ ਹੋਏ ਆਖਿਆ ਮਾਣਯੋਗ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਜੀ ਵੱਲੋਂ ਖਟਕੜ ਕਲਾਂ ਵਿਖੇ ਸ਼ਹੀਦੇ ਆਜ਼ਮ ਸ ਭਗਤ ਸਿੰਘ ਸੁਖਦੇਵ ਰਾਜਗੁਰੂ ਦੀ ਸਮਾਧੀ ਉੱਤੇ ਜਾ ਕੇ ਉਨ੍ਹਾਂ ਨੂੰ ਪ੍ਰਣਾਮ ਕੀਤਾ ਸ਼ਰਧਾ ਦੇ ਫੁੱਲ ਭੇਟ ਕੀਤੇ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਹੁਣ ਪੰਜਾਬ ਦੇ ਵਿੱਚ ਕਰੱਪਸ਼ਨ ਬਿਲਕੁਲ ਹੀ ਖ਼ਤਮ ਕੀਤੀ ਜਾਵੇਗੀ ਜਿਸ ਨਾਲ ਆਮ ਲੋਕਾਂ ਨੂੰ ਰਾਹਤ ਮਿਲੇਗੀ ਅਤੇ ਪੰਜਾਬ ਦੇ ਬੇਰੁਜ਼ਗਾਰ ਨੂੰ ਸੀ /ਡੀ ਸ਼੍ਰੇਣੀ ਦੀ ਭਰਤੀ ਕੀਤੀ ਜਾਵੇਗੀ ਫ਼ੈਸਲਿਆਂ ਤੇ ਲੋਕਾਂ ਨੇ ਸ਼ਲਾਘਾ ਕੀਤੀ ਹੈ ਸ੍ਰੀ ਰਾਹੁਲ ਸੈਣੀ ਜੀ ਨੇ ਭਰੋਸਾ ਦਿੱਤਾ ਕਿ ਦਿਹਾਤੀ -2 ਵਿੱਚ ਉਹ ਵੱਡੀ ਪੱਧਰ ਤੇ ਰਹਿੰਦੇ ਡਿਵੈਲਮੈਂਟ ਦੇ ਕੰਮ ਸ਼ੁਰੂ ਕੀਤੇ ਜਾਣਗੇ ਇਸ ਉਪਰੰਤ ਸ੍ਰੀ ਰਾਹੁਲ ਸੈਣੀ ਜੀ ਨੂੰ ਸ਼ਹੀਦ ਸ੍ਰ: ਭਗਤ ਸਿੰਘ ਲੋਕ ਭਲਾਈ ਮੰਚ ਵੱਲੋਂ ਸ਼ਹੀਦ ਏ ਆਜ਼ਮ ਭਗਤ ਸਿੰਘ ਦੀ ਤਸਵੀਰ ਦੇ ਕੇ ਸਨਮਾਨਤ ਕੀਤਾ ਗਿਆ ਸ੍ਰੀ ਮੇਘ ਚੰਦ ਸ਼ੇਰਮਾਜਰਾ ਪ੍ਰਧਾਨ ਦਿਹਾਤੀ ਅਤੇ ਤੇਜਿੰਦਰ ਮਹਿਤਾ ਸ਼ਹਿਰੀ ਪ੍ਰਧਾਨ ,ਬਚਿੱਤਰ ਸਿੰਘ ਸੂਬਾ ਮੀਤ ਪ੍ਰਧਾਨ ਮੁਲਾਜ਼ਮ ਵਿੰਗ ਅਸ਼ੋਕ ਸਿਸਵਾਲ ਆਦਿ ਆਗੂਆਂ ਨੂੰ ਸ਼ਹੀਦੇ ਆਜ਼ਮ ਸ ਭਗਤ ਸਿੰਘ ਦੀ ਤਸਵੀਰ ਦੇ ਕੇ ਸਨਮਾਨਤ ਕੀਤਾ ਗਿਆ ਸ਼ਹੀਦ ਸਰਦਾਰ ਭਗਤ ਸਿੰਘ ਭਲਾਈ ਮੰਚ ਦਿਹਾਤੀ ਦੇ ਆਗੂਆਂ ਵਿੱਚ ਸ਼ਾਮਲ ਜਸਵਿੰਦਰ ਸਿੰਘ ਗੁੱਡੂ ਸਾਹਿਲ਼ਪ੍ਰੀਤ ਸਿੰਘ ,ਬਾਬਾ ਗੁਰਦਿੱਤਾ ਸਿੰਘ ਲਾਭ ਸਿੰਘ ਠੇਕੇਦਾਰ ਰਾਜਪਾਲ ਲਸੋਈ ਸੰਤੋਖ ਸਿੰਘ ਗੁਰਪ੍ਰੀਤ ਸਿੰਘ ਮੰਗਤ ਗਿੱਲ ਨਰਿੰਦਰ ਸਿੰਘ ਪ੍ਰਧਾਨ ਜਤਿੰਦਰ ਕੁਮਾਰ ਸ਼:ਕੁਲਦੀਪ ਸਿੰਘ ਚੇਅਰਮੈਨ , ਨੈਬ ਸਿੰਘ ਰੌਂਗਲਾ ਵਾਈਸ ਚੇਅਰਮੈਨ ,ਅਵਤਾਰ ਸਿੰਘ ਕਾਲਾ ,ਪ੍ਰਿੰਸ ਵਡੇਰਾ ਜਨਰਲ ਸਕੱਤਰ , ਰਣਧੀਰ ਸਿੰਘ ਕੰਬੋਜ ਹਰਿਮੰਦਰ ਸਿੰਘ ਨੌਰੰਗ ਸਿੰਘ ਸਾਹਿਲ ਕੁਮਾਰ ਰੌਬਿਨ ਵਡੇਰਾ, ਸੋਹਣ ਸਿੰਘ ਰਾਜਿੰਦਰ ਕੁਮਾਰ ਨਰਿੰਦਰ ਸਿੰਘ ਸੁਖਦੇਵ ਸਿੰਘ ਭੱਟੀ , ਗੁਰਬਖਸ਼ ਸਿੰਘ ਸ੍ਰੀ ਰਵੀ ਕੁਮਾਰ ਖਜ਼ਾਨਚੀ ,ਮਲਕੀਤ ਸਿੰਘ ਮੀਤਾ ,ਰਾਹੁਲ ਵਡੇਰਾ ਆਦਿ ਆਗੂ ਸ਼ਾਮਲ ਸਨ ਹਾਜ਼ਰ ਸਨ ਇਸ ਮੌਕੇ ਚਾਹ ਮੱਠੀ ਦਾ ਵੀ ਪ੍ਰਬੰਧ ਕੀਤਾ ਅੰਤ ਵਿਚ ਸ੍ਰੀ ਜਤਿੰਦਰ ਕੁਮਾਰ ਪ੍ਰਧਾਨ ਆਈਆਂ ਸੰਗਤਾਂ ਦਾ ਤੇ ਆਏ ਆਗੂਆਂ ਦਾ ਧੰਨਵਾਦ ਕੀਤਾ।

# ਜੈ ਹਿੰਦ ਸੇਵਾ ਕਲੱਬ ਗੁਰਦਾਸਪੁਰ ਵੱਲੋਂ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਮੌਕੇ ਸ਼ਰਧਾਂਜਲੀ ਸਮਾਰੋਹ




**ਗੁਰਦਾਸਪੁਰ/ਨਵਨੀਤ ਕੁਮਾਰ**

ਜੈ ਹਿੰਦ ਸੇਵਾ ਕਲੱਬ ਗੁਰਦਾਸਪੁਰ ਵੱਲੋਂ ਅਮਰ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਮੌਕੇ @ਪ੍ਰਨਾਮ ਸ਼ਹੀਦਾਂ ਨੂੰ @ ਸਮਾਰੋਹ ਆਯੋਜਤ ਕੀਤਾ ਗਿਆ ਜਿਸ ਵਿਚ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।ਇਸ ਸਮਾਰੋਹ ਦੀ ਪ੍ਰਧਾਨਗੀ ਰਮਨ ਬਹਿਲ ਆਪ ਪਾਰਟੀ ਦੇ ਸੀਨੀਅਰ ਆਗੂ ਤੇ ਸਾਬਕਾ ਚੇਅਰਮੈਨ ਐਸ.ਐਸ.ਐਸ ਬੋਰਡ ਪੰਜਾਬ ਨੇ ਕੀਤੀ ਜਦਕਿ ਮੁੱਖ ਮਹਿਮਾਨ ਦੇ ਤੌਰ ਤੇ ਐਮ ਐਲ ਏ ਬਟਾਲਾ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਸ਼ਾਮਲ ਹੋਏ। ਸਭ ਤੋਂ ਪਹਿਲਾਂ ਮਹਾਨ ਸ਼ਹੀਦਾਂ ਦੀਆਂ ਤਸਵੀਰਾਂ ਤੇ ਫੁੱਲ ਸਮਰਪਿਤ ਕਰ ਕੇ ਸ਼ਰਧਾਂਜਲੀ ਦਿੱਤੀ। ਮੁੱਖ ਮਹਿਮਾਨ ਐਮ ਐਲ ਏ ਬਟਾਲਾ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਨੇ ਕਿਹਾ ਕਿ ਸਾਨੂੰ ਸਭ ਨੂੰ ਸ਼ਹੀਦਾਂ ਦੇ ਦਿਖਾਏ ਹੋਏ ਰਸਤੇ ਤੇ ਚੱਲਣਾ ਚਾਹੀਦਾ ਹੈ ਅਤੇ ਉਨ੍ਹਾਂ ਦੇ ਸੁਪਨਿਆਂ ਦਾ ਦੇਸ਼ ਬਣਾਉਣ ਲਈ ਯੋਗਦਾਨ ਪਾਉਣਾ ਚਾਹੀਦਾ ਹੈ। ਇਸ ਮੌਕੇ ਸਮਾਗਮ ਦੀ ਪ੍ਰਧਾਨਗੀ ਕਰ ਰਹੇ ਰਮਨ ਬਹਿਲ ਨੇ ਕਿਹਾ ਕਿ ਸਾਨੂੰ ਸ਼ਹੀਦਾਂ ਦੀ ਸੋਚ ਤੇ ਪਹਿਰਾ ਦੇਣਾਂ ਚਾਹੀਦਾ ਹੈ। ਕਲੱਬ ਦੇ ਪ੍ਰਧਾਨ ਨਰੇਸ਼ ਕਾਲੀਆ ਨੇ ਕਿਹਾ ਕਿ ਸ਼ਹੀਦਾਂ ਦੀ ਵਿਚਾਰਧਾਰਾ ਹਰ ਇਕ ਤੱਕ ਪਹੁੰਚੇ ਉਸ ਲਈ ਜੈ ਹਿੰਦ ਸੇਵਾ ਕਲੱਬ ਗੁਰਦਾਸਪੁਰ ਲਗਾਤਾਰ ਯਤਨਸ਼ੀਲ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਵਤਾਰ ਸਿੰਘ, ਰਾਕੇਸ਼ ਕੁਮਾਰ ਬਬਲੂ, ਜਤਿੰਦਰ ਮਹਾਜਨ, ਅਨਮੋਲ ਕਾਲੀਆ, ਡਾਕਟਰ ਗੁਰਖੇਲ ਕਲਸੀ, ਸੰਦੀਪ ਕੁਮਾਰ ਰਾਜੇਸ਼ ਸ਼ਰਮਾ, ਰਾਕੇਸ਼ ਤੁਲੀ ਕਲੱਬ ਮੈਂਬਰ ਹਾਜ਼ਰ ਸਨ।

# ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਵਲੋਂ ਸਿਹਤ ਵਿਭਾਗ ਦੇ ਸਹਿਯੋਗ ਨਾਲ ਧਾਰੀਵਾਲ ਵਿਖੇ ਮੁਫ਼ਤ ਮੈਡੀਕਲ ਜਾਂਚ ਕੈਂਪ -51 ਲੋੜਵੰਦ ਮਰੀਜਾਂ ਦੀ ਜਾਂਚ ਕਰਕੇ ਮੁਫ਼ਤ ਦਵਾਈਆਂ ਵੰਡੀਆਂ




**ਗੁਰਦਾਸਪੁਰ/ਨਵਨੀਤ ਕੁਮਾਰ**

ਜ਼ਿਲ੍ਹਾ ਪ੍ਰਸ਼ਾਸਨ ਵਲੋਂ ਸਲੱਮ ਏਰੀਆ ਵਿਚ ਰਹਿੰਦੇ ਲੋਕਾਂ ਦੀ ਸਿਹਤ ਸੰਭਾਲ ਨੂੰ ਮੁੱਖ ਰੱਖਦਿਆਂ ਅੱਜ ਚੇਅਰਪਰਸਨ ਰੈੱਡ ਕਰਾਸ ਹਾਸਪਿਟਲ ਵੈਲਫੇਅਰ ਸੈਕਸ਼ਨ, ਗੁਰਦਾਸਪੁਰ ਸ੍ਰੀਮਤੀ ਸ਼ੇਹਲਾ ਕਾਦਰੀ ਧਰਮਪਤਨੀ ਡਿਪਟੀ ਕਮਿਸ਼ਨਰ ਜਨਾਬ ਮੁਹੰਮਦ ਇਸ਼ਫਾਕ ਵਲੋ ਧਾਰੀਵਾਲ ਸ਼ਹਿਰ ਅੰਦਰ ਰਾਜੀਵ ਕਾਲੋਨੀ ਨਜ਼ਦੀਕ ਰੇਲਵੇ ਫਾਟਕ (ਨਹਿਰ ਦੇ ਕਿਨਾਰੇ) ਵਿਚ ਪੈਂਦੇ ਸਲੱਮ ਏਰੀਏ ਵਿਚ ਰਹਿੰਦੇ ਲੋਕਾਂ/ਮਰੀਜ਼ਾਂ ਦੀ ਸਹੂਲਤ ਲਈ ਜ਼ਿਲਾ ਰੈੱਡ ਕਰਾਸ ਸੁਸਾਇਟੀ ਵਲੋਂ ਸਿਹਤ ਵਿਭਾਗ ਦੇ ਸਹਿਯੋਗ ਨਾਲ ਲਗਾਏ ਮੁਫ਼ਤ ਮੈਡੀਕਲ ਕੈਂਪ ਵਿਚ ਸ਼ਿਰਕਤ ਕੀਤੀ। ਇਸ ਮੌਕੇ 51 ਮਰੀਜ਼ਾਂ ਦੀ ਜਾਂਚ ਕਰਕੇ ਮੁਫਤ ਦਵਾਈਆਂ ਵੰਡੀਆਂ ਗਈਆਂ। ਇਸ ਮੌਕੇ ਡਾ. ਐਸ. ਕੇ ਪਨੂੰ ਮੈਂਬਰ ਰੈੱਡ ਕਰਾਸ ਹਾਸਪਿਟਲ ਵੈਲਫੇਅਰ ਸੈਕਸ਼ਨ ਗੁਰਦਾਸਪੁਰ, ਰਾਜੀਵ ਕੁਮਾਰ ਸਕੱਤਰ ਜ਼ਿਲਾ ਰੈੱਡ ਕਰਾਸ ਸੁਸਾਇਟੀ ਗੁਰਦਾਸਪੁਰ, ਡਾ. ਮਨਦਿੰਰਜੀਤ ਸਿੰਘ ਐਸ.ਐਮ.ਓ ਧਾਰੀਵਾਲ, ਕੋਮਲਪ੍ਰੀਤ ਕੋਰ ਸੀਡੀਪੀਓ ਧਾਰੀਵਾਲ, ਡਾ. ਪ੍ਰਭਜੋਤ ਕੋਰ ਪ੍ਰਦੀਪ ਕੁਮਾਰ, ਮੀਨਾਕਸ਼ੀ ਸ਼ਰਮਾ, ਸੁਨੀਤਾ ਸ਼ਰਮਾ, ਸਰੀਤਾ, ਸੁਮਨ, ਗੀਤਾ, ਪ੍ਰੇਮ ਮਸੀਹ, ਜੈਕਬ, ਸੰਜੇ ਚੋਧਰੀ ਵੀ ਮੋਜੂਦ ਸਨ। ਇਸ ਮੌਕੇ ਗੱਲਬਾਤ ਕਰਦਿਆਂ ਚੇਅਰਪਰਸਨ ਰੈੱਡ ਕਰਾਸ ਹਾਸਪਿਟਲ ਵੈਲਫੇਅਰ ਸੈਕਸ਼ਨ, ਗੁਰਦਾਸਪੁਰ ਸ੍ਰੀਮਤੀ ਸ਼ੇਹਲਾ ਕਾਦਰੀ ਨੇ ਦੱਸਿਆ ਕਿ ਪਹਿਲਾਂ ਹੀ ਗੁਰਦਾਸਪੁਰ ਅਤੇ ਬਟਾਲਾ ਦੇ ਸਲੱਮ ਖੇਤਰ ਵਿਚ ਹਫਤਾਵਾਰੀ ਮੁਫਤ ਮੈਡੀਕਲ ਕੈਂਪ ਲਗਾ ਕੇ ਲੋਕਾਂ ਨੂੰ ਮੁਫਤ ਸਿਹਤ ਸਹੂਲਤਾਂ ਦੇਣ ਤੋਂ ਇਲਾਵਾ ਸਾਫ ਸਫਾਈ ਰੱਖਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਉਨਾਂ ਅੱਗੇ ਕਿਹਾ ਕਿ ਹਰ ਵੀਰਵਾਰ ਧਾਰੀਵਾਲ ਸ਼ਹਿਰ ਅੰਦਰ ਰਾਜੀਵ ਕਾਲੋਨੀ ਨਜ਼ਦੀਕ ਰੇਲਵੇ ਫਾਟਕ (ਨਹਿਰ ਦੇ ਕਿਨਾਰੇ) ਵਿਚ ਪੈਂਦੇ ਸਲੱਮ ਏਰੀਏ ਵਿਚ ਰਹਿੰਦੇ ਲੋਕਾਂ/ਮਰੀਜ਼ਾਂ ਦੀ ਸਹੂਲਤ ਲਈ ਮੁਫਤ ਮੈਡੀਕਲ ਕੈਂਪ ਲਗਾਇਆ ਜਾਵੇਗਾ। ਇਸ ਮੌਕੇ ਚੇਅਰਪਰਸਨ ਸ੍ਰੀਮਤੀ ਕਾਦਰੀ ਵਲੋਂ ਸਲੱਮ ਏਰੀਏ ਦੀਆਂ ਝੁੱਗੀਆਂ ਵਿਚ ਜਾ ਕੇ ਲੋਕਾਂ ਨਾਲ ਗੱਲਬਾਤ ਕੀਤੀ ਗਈ ਅਤੇ ਕਿਹਾ ਕਿ ਉਹ ਆਪਣੇ ਆਲੇ-ਦੁਆਲੇ ਸਾਫ-ਸਫਾਈ ਦਾ ਪੂਰਾ ਧਿਆਨ ਰੱਖਣ ਅਤੇ ਮੈਡੀਕਲ ਕੈਂਪ ਦਾ ਵੱਧ ਤੋਂ ਵੱਧ ਫਾਇਦਾ ਲੈਣ। ਉਨਾਂ ਕਿਹਾ ਕਿ ਜ਼ਿਲਾ ਰੈੱਡ ਕਰਾਸ ਸੁਸਾਇਟੀ ਹਮੇਸ਼ਾ ਲੋੜਵੰਦ ਲੋਕਾਂ ਦੀ ਸੇਵਾ ਕਰਨ ਵਿਚ ਮੋਹਰੀ ਰੋਲ ਨਿਭਾਉਂਦੀ ਹੈ ਤੇ ਮਨੁੱਖਤਾ ਦੀ ਸੇਵਾ ਲਈ ਤੱਤਪਰ ਰਹਿੰਦੀ ਹੈ। ਇਸ ਮੌਕੇ ਮੁਫ਼ਤ ਮੈਡੀਕਲ ਕੈਂਪ ਵਿਚ ਦਵਾਈ ਲੈਣ ਆਏ ਲੋੜਵੰਦ ਮਰੀਜ਼ਾਂ ਨੇ ਕਿਹਾ ਕਿ ਡਿਪਟੀ ਕਮਿਸ਼ਨਰ ਗੁਰਦਾਸਪੁਰ ਵਲੋਂ ਸ਼ੁਰੂ ਕੀਤਾ ਗਿਆ ਉਪਰਾਲਾ ਬਹੁਤ ਵਧੀਆ ਹੈ, ਕਿਉਂਕਿ ਇਸ ਨਾਲ ਲੋੜਵੰਦ ਲੋਕਾਂ ਨੂੰ ਬਹੁਤ ਸਹੂਲਤ ਮਿਲਦੀ ਹੈ।

# ਕਾਂਗਰਸੀ ਸਰਪੰਚਾਂ ਅਤੇ ਵਰਕਰਾਂ ਨੂੰ ਦਬਾਉਣ ਵਾਲਿਆਂ ਨੂੰ ਦਿੱਤਾ ਜਾਵੇਗਾ ਠੋਕਵਾਂ ਜਵਾਬ, ਅਸ਼ੋਕ




**ਦੀਨਾਨਗਰ/ਡਾ.ਰਮੇਸ਼ ਸਰੰਗਲ**

ਪੰਜਾਬ ਵਿੱਚ ਸੱਤਾ ਤਬਦੀਲੀ ਤੋਂ ਬਾਅਦ ਬਦਲੇ ਸਿਆਸੀ ਹਾਲਾਤਾਂ ਦੇ ਮੱਦੇਨਜ਼ਰ ਕਾਂਗਰਸੀ ਸਰਪੰਚਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਅਤੇ ਤਾਕਤਾਂ ਤੋਂ ਜਾਣੂ ਕਰਵਾਉਣ ਲਈ ਅੱਜ ਸੀਨੀਅਰ ਕਾਂਗਰਸ ਨੇਤਾ ਅਸ਼ੋਕ ਚੌਧਰੀ ਵੱਲੋਂ ਵਿਧਾਇਕਾ ਅਰੁਨਾ ਚੌਧਰੀ ਦੇ ਆਦੇਸ਼ਾਂ ’ਤੇ ਲਗਾਤਾਰ ਦੂਸਰੇ ਦਿਨ ਮੀਟਿੰਗ ਕੀਤੀ ਗਈ। ਜਿਸ ਵਿੱਚ ਬਲਾਕ ਦੋਰਾਂਗਲਾ ਅਤੇ ਗੁਰਦਾਸਪੁਰ ਨਾਲ ਸਬੰਧਿਤ 125 ਦੇ ਕਰੀਬ ਸਰਪੰਚ ਅਤੇ ਹੋਰ ਨੁਮਾਇੰਦੇ ਸ਼ਾਮਲ ਹੋਏ। ਜਿਨ੍ਹਾਂ ਨੂੰ ਸੰਬੋਧਨ ਕਰਦਿਆਂ ਸਾਬਕਾ ਜ਼ਿਲ੍ਹਾ ਪ੍ਰਧਾਨ ਅਸ਼ੋਕ ਚੌਧਰੀ ਨੇ ਕਿਹਾ ਕਿ ਹਲਕੇ ਅੰਦਰ ਕਾਂਗਰਸ ਪਾਰਟੀ ਦਾ ਪੂਰਾ ਬੋਲਬਾਲਾ ਹੈ ਅਤੇ ਕਿਸੇ ਵੀ ਸਰਪੰਚ ਨੂੰ ਸੱਤਾਧਾਰੀ ਪਾਰਟੀ ਦੇ ਲੀਡਰਾਂ ਕੋਲੋਂ ਡਰਨ ਦੀ ਲੋੜ ? ਨਹੀਂ। ਉਨ੍ਹਾਂ ਕਿਹਾ ਕਿ ਪੰਚਾਇਤੀ ਐਕਟ ਮੁਤਾਬਕ ਪਿੰਡ ਵਿੱਚ ਵਿਕਾਸ ਦੇ ਕੰਮ ਕਰਵਾਉਣ ਦੀ ਪਾਵਰ ਸਿਰਫ਼ ਪੰਚਾਇਤ ਕੋਲ ਹੈ ਅਤੇ ਹਾਕਮ ਜਾਂ ਵਿਰੋਧੀ ਧਿਰ ਦਾ ਕੋਈ ਵੀ ਆਗੂ ਇਸ ਵਿੱਚ ਦਖ਼ਲਅੰਦਾਜ਼ੀ ਨਹੀਂ ਕਰ ਸਕਦਾ। ਉਨ੍ਹਾਂ ਕਿਹਾ ਕਿ ਸੱਤਾ ਤਬਦੀਲੀ ਤੋਂ ਬਾਅਦ ਇਹ ਦੇਖਣ ਵਿੱਚ ਆਇਆ ਹੈ ਕਿ ਸਾਬਕਾ ਕੈਬਨਿਟ ਮੰਤਰੀ ਅਰੁਨਾ ਚੌਧਰੀ ਤੋਂ ਚੋਣ ਹਾਰਨ ਵਾਲਾ ਇੱਕ ਆਗੂ ਖ਼ੁਦ ਨੂੰ ਹਲਕਾ ਇੰਚਾਰਜ ਦੱਸ ਕੇ ਲੋਕਾਂ ਨੂੰ ਗੁਮਰਾਹ ਕਰਨ ’ਚ ਲੱਗਾ ਹੋਇਆ ਹੈ ਅਤੇ ਬਿਨ੍ਹਾਂ ਕਿਸੇ ਸੰਵਿਧਾਨਕ ਅਹੁਦੇ ਤੋਂ ਸਰਕਾਰੀ ਕੰਮਾਂ ਵਿੱਚ ‘ਬਿਨ ਸੱਦਿਆ ਮਹਿਮਾਨ’ ਬਣ ਕੇ ਚੌਧਰ ਝਾੜ ? ਰਿਹਾ ਹੈ ਜੋ ਗ਼ੈਰ ਸੰਵਿਧਾਨਕ ਅਤੇ ਲੋਕਤੰਤਰ ਦੇ ਖ਼ਿਲਾਫ਼ ਹੈ। ਅਸ਼ੋਕ ਚੌਧਰੀ ਨੇ ਪੰਚਾਇਤ ਨੁਮਾਇੰਦਿਆਂ ਨੂੰ ਹੱਲਾਸ਼ੇਰੀ ਦਿੰਦਿਆਂ ਕਿਹਾ ਕਿ ਅਜਿਹੇ ਕਿਸੇ ਵੀ ਆਗੂ ਦੇ ਕਹਿਣ ’ਤੇ ਪਿੰਡ ਵਿੱਚ ਕੋਈ ਵੀ ਕੰਮ ਰੋਕਿਆ ਨਾ ਜਾਵੇ ਅਤੇ ਜੇਕਰ ਅਜਿਹੇ ਲੋਕ ਆਪਣੀ ਸਰਕਾਰ ਦੀ ਧੌਂਸ ਦਿਖਾਉਂਦੇ ਹੋਏ ਧੱਕੇਸ਼ਾਹੀ ’ਤੇ ਉਤਾਰੂ ਹੋਣ ਤਾਂ ਤੁਰੰਤ ਵਿਧਾਇਕਾ ਅਰੁਨਾ ਚੌਧਰੀ ਅਤੇ ਉਨ੍ਹਾਂ ਨਾਲ ਸੰਪਰਕ ਕੀਤਾ ਜਾਵੇ। ਅਸ਼ੋਕ ਚੌਧਰੀ ਨੇ ਕਿਹਾ ਕਿ ਉਹ ਹਰ ਧੱਕੇਸ਼ਾਹੀ ਦਾ ਮੂੰਹਤੋੜ ? ਜਵਾਬ ਦੇਣਾ ਜਾਣਦੇ ਹਨ ਅਤੇ ਹਲਕੇ ਦਾ ਮਾਹੌਲ ਖ਼ਰਾਬ ਕਰਨ ਦੀ ਇਜਾਜ਼ਤ ਕਿਸੇ ਨੂੰ ਵੀ ਨਹੀਂ ਦਿੱਤੀ ਜਾਵੇਗੀ।

ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਅਸ਼ੋਕ ਚੌਧਰੀ ਨੇ ਕਿਹਾ ਕਿ ਬੀਤੇ ਦਿਨੀਂ ਪਿੰਡ ਅਵਾਂਖਾ ਚ ਲੋਕਾਂ ਨੂੰ ਕਣਕ ਵੰਡਣ ਦੀ ਵਾਈਰਲ ਹੋਈ ਵੀਡੀਓ ਦੇ ਆਧਾਰ ’ਤੇ ਫੂਡ ਸਪਲਾਈ ਮਹਿਕਮੇ ਦੇ ਉੱਚ ਅਧਿਕਾਰੀਆਂ ਨੂੰ ਸ਼ਿਕਾਇਤ ਕਰਕੇ ਇਹ ਪੁੱਛਿਆ ਗਿਆ ਹੈ ਕਿ ਇਹ ਵਿਅਕਤੀ ਕਿਸ ਅਹੁਦੇ ਅਤੇ ਅਧਿਕਾਰ ਦੇ ਤਹਿਤ ਆਪਣੇ ਹੱਥੀਂ ਸਰਕਾਰੀ ਕਣਕ ਤਕਸੀਮ ਕਰਵਾ ਰਿਹਾ ਹੈ। ਅਸ਼ੋਕ ਚੌਧਰੀ ਨੇ ਦੱਸਿਆ ਕਿ ਉਨ੍ਹਾਂ ਦੁਆਰਾ ਮੁੱਦਾ ਚੁੱਕਣ ਤੋਂ ਬਾਅਦ ਮਹਿਕਮੇ ਅੰਦਰ ਅਫ਼ਰਾ-ਤਫ਼ਰੀ ਦਾ ਆਲਮ ਹੈ ਅਤੇ ਇਸ ਸਬੰਧੀ ਕਿਸੇ ਵੀ ਅਧਿਕਾਰੀ ਕੋਲ ਕੋਈ ਸਪੱਸ਼ਟ ਜਵਾਬ ਨਹੀਂ ਹੈ। ਉਨ੍ਹਾਂ ਕਿਹਾ ਕਿ ਉਹ ਸਿਆਸਤ ਦੇ ਨਾਲ-ਨਾਲ ਕਾਨੂੰਨ ਵੀ ਚੰਗੀ ਤਰ੍ਹਾਂ ਜਾਣਦੇ ਹਨ ਅਤੇ ਹਲਕੇ ਅੰਦਰ ਕੋਈ ਵੀ ਗ਼ਲਤ ਕੰਮ ਨਹੀਂ ਹੋਣ ਦੇਣਗੇ। ਇਸ ਮੌਕੇ ਤੇ ਚੇਅਰਮੈਨ ਹਰਵਿੰਦਰ ਸਿੰਘ ਭੱਟੀ, ਨਗਰ ਕੌਂਸਲ ਦੇ ਪ੍ਰਧਾਨ ਨੀਟੂ ਚੋਹਾਨ, ਵਰਿੰਦਰ ਨੌਸ਼ਹਿਰਾ, ਜ਼ੋਨ ਇੰਚਾਰਜ ਸੁਭਾਸ਼ ਮੇਘੀਆਂ, ਵਰਿੰਦਰ ਭਿੰਦਾ, ਰਾਮ ਸਿੰਘ ਮਜੀਠੀ, ਭੁਪਿੰਦਰ ਸੇਖਵਾਂ, ਹਰਵਿੰਦਰ ਸਿੰਘ ਮੱਲ੍ਹੀ, ਹਰਦੇਵ ਸਿੰਘ ਦੇਬਾ, ਦੀਪਕ ਭੱਲਾ, ਵਿਜੇ ਸ਼ਰਮਾ, ਜਿਲ੍ਹਾ ਪ੍ਰੀਸ਼ਦ ਮੈਂਬਰ ਗੁਰਦਰਸ਼ਨ ਸਿੰਘ ਰੰਧਾਵਾ, ਜੋਨ ਇੰਚਾਰਜ ਰਮਨ ਦੱਤ, ਸਰਪੰਚ ਗੁਰਪ੍ਰੀਤ ਗੋਖਾ, ਦੀਪ ਬਹਿਰਾਮਪੁਰ, ਸਰਪੰਚ ਜੋਗਿੰਦਰ ਸਿੰਘ ਬਰਿਆਰ, ਕਸ਼ਮੀਰ ਕਲੌਤਰਾ ਅਤੇ ਸਰਪੰਚ ਪਵਨ ਸ਼ਾਹਪੁਰ ਅਫ਼ਗਾਨਾ ਤੋਂ ਇਲਾਵਾ ਵੱਡੀ ਗਿਣਤੀ ’ਚ ਸਰਪੰਚ ਤੇ ਹੋਰ ਕਾਂਗਰਸੀ ਆਗੂ ਹਾਜ਼ਰ ਸਨ।

# ਮੁੱਖਮੰਤਰੀ ਭਗਵੰਤ ਮਾਨ ਦੀ ਸੋਚ ਆਮ ਆਦਮੀ ਪਾਰਟੀ ਨੂੰ ਬੁਲੰਦੀਆਂ ਤੱਕ ਲੈ ਕੇ ਜਾਵੇਗੀ,ਗੁਰਸ਼ਰਨ ਸਿੰਘ ਕਪੂਰ

**ਕਪੂਰਥਲਾ/ਪਰਮਜੀਤ ਸੰਨੀ**



ਭ੍ਰਿਸ਼ਟਾਚਾਰ ਨੂੰ ਰੋਕਕੇ ਪੰਜਾਬ ਦੀ ਜਨਤਾ ਨੂੰ ਇੱਕ ਵੱਡੀ ਰਾਹਤ ਦਿੱਤੀ ਜਾ ਸਕਦੀ ਹੈ।ਕਈ ਵਾਰ ਛੋਟੇ-ਛੋਟੇ ਕੰਮ ਕਰਵਾਉਣ ਲਈ ਭਾਰੀ ਰਿਸ਼ਵਤ ਦੇਣੀ ਪੈਂਦੀ ਹੈ ਅਤੇ ਇਸ ਦੇ ਚਲਦੇ ਭਾਰੀ ਗਿਣਤੀ ਵਿੱਚ ਇੰਡਸਟਰੀ ਵੀ ਦੂੱਜੇ ਰਾਜਾਂ ਦੇ ਵੱਲ ਐਕਸਪੈਨਸ਼ਨ ਲਈ ਆਗੂ ਹੋਈ ਹੈ।ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੁਆਰਾ ਭ੍ਰਿਸ਼ਟਾਚਾਰ ਤੇ ਲਗਾਮ ਲਗਾਉਣ ਲਈ ਹੈਲਪਲਾਇਨ ਨੰਬਰ ਜਾਰੀ ਕਰਨ ਦੀ ਆਮ ਆਦਮੀ ਪਾਰਟੀ ਦੇ ਪ੍ਰਦੇਸ਼ ਸਯੁੰਕਤ ਸਕੱਤਰ ਗੁਰਸ਼ਰਨ ਸਿੰਘ ਕਪੂਰ ਨੇ ਇਸ ਹੈਲਪਲਾਇਨ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੇ ਫੈਂਸਲੀਆਂ ਨਾਲ ਭ੍ਰਿਸ਼ਟਾਚਾਰ ਕਰਣ ਵਾਲੀਆਂ ਵਿੱਚ ਡਰ ਪੈਦਾ ਹੋਵੇਗਾ,ਕਿਉਂਕਿ ਕੁੱਝ ਅਧਿਕਾਰੀ ਹੀ ਅਜਿਹੇ ਹਨ ਜੋ ਭ੍ਰਿਸ਼ਟਾਚਾਰ ਨੂੰ ਵਧਾਉਂਦੇ ਹਨ।ਇਸਦੇ ਚਲਦੇ ਚੰਗੇ ਅਧਿਕਾਰੀਆਂ ਨੂੰ ਵੀ ਸ਼ਕ ਦੀ ਨਜ਼ਰ ਨਾਲ ਵੇਖਿਆ ਜਾਂਦਾ ਹੈ।ਇਸ ਤਰ੍ਹਾਂ ਦੀ ਪਰਿਕ੍ਰੀਆ ਨਾਲ ਆਮ ਆਦਮੀ ਦੇ ਕੰਮ ਵੀ ਹੁਣ ਬਿਨਾਂ ਕਿਸੇ ਸਿਫਾਰਿਸ਼ ਅਤੇ ਰਿਸ਼ਵਤ ਦੇ ਹੋਣਗੇ।ਗੁਰਸ਼ਰਨ ਸਿੰਘ ਕਪੂਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਜਿੱਤ ਜਿਵੇਂ ਇਤਹਾਸਿਕ ਰਹੀ,ਉਂਜ ਹੀ ਆਪ ਸਰਕਾਰ ਦੇ ਫੈਸਲੇ ਵੀ ਇਤਹਾਸਿਕ ਹੋਣਗੇ।ਪੰਜਾਬ ਦੇ ਮੁੱਖਮੰਤਰੀ ਭਗਵੰਤ ਮਾਨ ਦੀ ਸੋਚ ਆਮ ਆਦਮੀ ਪਾਰਟੀ ਨੂੰ ਬੁਲੰਦੀਆਂ ਤੱਕ ਲੈ ਕੇ ਜਾਵੇਗੀ।ਭਗਵੰਤ ਮਾਨ ਨੇ ਮੁੱਖਮੰਤਰੀ ਦੀ ਸਹੁੰ ਭਗਤ ਸਿੰਘ ਦੇ ਪਿੰਡ ਖਟਕੜ ਕਲਾਂ ਵਿੱਚ ਲਈ ਸੀ,ਜੋਕਿ ਇੱਕ ਇਤਹਾਸਿਕ ਫੈਸਲਾ ਸੀ।ਉਥੇ ਹੀ ਆਪਣੇ ਦਫਤਰ ਵਿੱਚ ਡਾਕਟਰ ਭੀਮਰਾਵ ਅੰਬੇਡਕਰ ਦੀ ਫੋਟੋ ਦੇ ਨਾਲ ਸ਼ਹੀਦ ਏ ਆਜਮ ਭਗਤ ਸਿੰਘ ਦੀ ਫੋਟੋ ਲਗਾਈ।ਉਨ੍ਹਾਂ ਦੇ ਸ਼ਹੀਦੀ ਸਿਵਾਸ ਤੇ ਸਰਕਾਰੀ ਛੁੱਟੀ ਦਾ ਐਲਾਨ ਕਰਣਾ ਵੀ ਇੱਕ ਇਤਹਾਸਿਕ ਫੈਸਲਾ ਹੈ।ਆਮ ਆਦਮੀ ਪਾਰਟੀ ਵਲੋਂ ਭ੍ਰਿਸ਼ਟਾਚਾਰ ਨੂੰ ਪੂਰੀ ਤਰ੍ਹਾਂ ਨਾਲ ਜੜ ਤੋਂ ਖਤਮ ਕਰਣ ਲਈ ਹੈਲਪਲਾਇਨ ਨੰਬਰ 9501200200 ਸ਼ੁਰੂ ਕੀਤਾ ਗਿਆ ਹੈ,ਜਿਸਦੇ ਨਾਲ ਆਮ ਆਦਮੀ ਪਾਰਟੀ ਦੀ ਸੋਚ ਦਾ ਪਤਾ ਚੱਲਦਾ ਹੈ।ਪੰਜਾਬ ਦੇ ਲੋਕਾਂ ਨੇ ਇੱਕ ਇਮਾਨਦਾਰ ਸਰਕਾਰ ਚੁਣੀ ਹੈ।ਉਨ੍ਹਾਂਨੇ ਕਿਹਾ ਕਿ ਅੱਜ ਤੱਕ ਜਿਨ੍ਹਾਂ ਵੀ ਪਾਰਟੀਆਂ ਨੇ ਵੀ ਪੰਜਾਬ ਵਿੱਚ ਰਾਜ ਕੀਤਾ ਹੈ ਉਨ੍ਹਾਂਨੇ ਕੇਵਲ ਆਪਣੇ ਘਰ ਹੀ ਭਰੇ ਹਨ ਅਤੇ ਜਨਤਾ ਨੂੰ ਲੁੱਟਿਆ ਹੈ।ਪੰਜਾਬ ਨੂੰ ਤਿੰਨ ਲੱਖ ਕਰੋੜ ਰੁਪਏ ਦੇ ਕਰਜੇ ਵਿੱਚ ਡੁਬੋਇਆ ਹੈ।ਉਨ੍ਹਾਂਨੇ ਕਿਹਾ ਕਿ ਆਮ ਆਦਮੀ ਪਾਰਟੀ ਤੇ ਲੋਕਾਂ ਨੇ ਜੋ ਉਂਮੀਦ ਲਗਾਕੇ ਵੋਟ ਦਿੱਤੀ ਹੈ ਲੋਕਾਂ ਦੀਆਂ ਉਨ੍ਹਾਂ ਸਮਸਿਆਵਾਂ ਦਾ ਸਮਾਧਾਨ ਆਮ ਆਦਮੀ ਪਾਰਟੀ ਹਰ ਹਾਲ ਵਿਚ ਕਰੇਗੀ ਅਤੇ ਇਹ ਇੱਕ ਆਮ ਆਦਮੀ ਦੀ ਸਰਕਾਰ ਹੋਵੇਗੀ ਜੋ ਸਿਰਫ ਜਨਕਲਿਆਣ ਕਰੇਗੀ,ਹੋਰ ਪਾਰਟੀਆਂ ਦੀ ਤਰ੍ਹਾਂ ਆਪਣਾ ਵਿਅਕਤੀਗਤ ਕਲਿਆਣ ਨਹੀਂ ਕਰੇਗੀ।ਉਨ੍ਹਾਂਨੇ ਕਿਹਾ ਕਿ ਪਹਿਲਾਂ ਦੇਸ਼ ਦੇ ਖਿਡਾਰੀ ਜੇਕਰ 10 ਮੈਡਲ ਜਿੱਤਦੇ ਸਨ ਤਾਂ ਉਨ੍ਹਾਂ ਵਿਚੋਂ ਪੰਜ ਮੈਡਲ ਪੰਜਾਬ ਦੇ ਹੁੰਦੇ ਸਨ ਪਰ ਹੁਣ ਸੂਬੇ ਵਿੱਚ ਖੇਡਾਂ ਦਾ ਪੱਧਰ ਡਿੱਗ ਚੁੱਕਿਆ ਹੈ।ਆਮ ਆਦਮੀ ਪਾਰਟੀ ਦੁਆਰਾ ਸੂਬੇ ਵਿੱਚ ਖੇਡਾਂ ਨੂੰ ਪ੍ਰਫੁਲਿਤ ਕਰਕੇ ਨਵੇਂ ਖਿਡਾਰੀਆਂ ਨੂੰ ਪੈਦਾ ਕੀਤਾ ਜਾਵੇਗਾ ਅਤੇ ਖੇਡ ਪੱਧਰ ਨੂੰ ਉੱਚਾ ਚੁੱਕਿਆ ਜਾਵੇਗਾ।ਸੂਬੇ ਵਿੱਚ ਸਰਕਾਰੀ ਸਕੂਲਾਂ-ਕਾਲਜਾਂ ਦੇ ਪੱਧਰ ਨੂੰ ਉੱਚਾ ਚੁੱਕਿਆ ਜਾਵੇਗਾ ਅਤੇ ਪ੍ਰਾਇਵੇਟ ਸਕੂਲਾਂ ਵਿੱਚ ਕਨੂੰਨ ਮੁਤਾਬਕ ਹੀ ਕਾਰਜ ਕਰਣ ਦਿੱਤਾ ਜਾਵੇਗਾ।ਜੇਕਰ ਅਜਿਹਾ ਨਹੀਂ ਹੋਵੇਗਾ ਤਾਂ ਪ੍ਰਾਇਵੇਟ ਸਕੂਲਾਂ ਤੇ ਸ਼ਿਕੰਜਾ ਵੀ ਕੱਸਿਆ ਜਾਵੇਗਾ।ਸੂਬੇ ਵਿੱਚ ਸਿੱਖਿਆ ਦੇ ਪੱਧਰ ਵਿੱਚ ਸੁਧਾਰ ਲਈ ਅਧਿਆਪਕਾਂ ਦਾ ਵਿਸ਼ਾਲ ਯੋਗਦਾਨ ਹੈ ਇਸ ਲਈ ਆਮ ਆਦਮੀ ਪਾਰਟੀ ਸੂਬੇ ਵਿੱਚ ਅਧਿਆਪਕਾਂ ਦੀਆਂ ਸਮਸਿਆਵਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕਰੇਗੀ ਅਤੇ ਸੂਬੇ ਦੇ ਸਿੱਖਿਆ ਤੰਤਰ ਨੂੰ ਹਰ ਪੱਧਰ ਤੇ ਮਜਬੂਤ ਕੀਤਾ ਜਾਵੇਗਾ।

# ਅੰਨਦਾਤਾ ਨੂੰ ਆਪਣੀ ਫਸਲ ਵੇਚਣ ਲਈ ਮੰਡੀਆਂ ਵਿੱਚ ਰੁਲਣ ਨਹੀਂ ਦਿੱਤਾ ਜਾਵੇਗਾ: ਵਿਧਾਇਕ ਸੌਂਦ



**ਖੰਨਾ/ਤੇਜਿੰਦਰ ਸਿੰਘ ਆਰਟਿਸਟ**

ਵਿਧਾਨ ਸਭਾ ਹਲਕਾ ਖੰਨਾ ਦੇ ਵਿਧਾਇਕ ਸੌਂਦ ਵੱਲੋਂ ਆੜਤੀਆ, ਮਜ਼ਦੂਰਾਂ ਨੂੰ ਪਰੇਸ਼ਾਨੀਆਂ ਦਾ ਨਬੇੜਾ ਕਰਨ ਦਾ ਭਰੋਸਾ ਦਿੱਤਾ ਗਿਆ। ਵਿਧਾਇਕ ਤਰੁਨਪ੍ਰੀਤ ਸਿੰਘ ਸੌਂਦ ਨੇ ਵੱਖ-ਵੱਖ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਤੋਂ ਇਲਾਵਾ ਫੂਡ ਸਪਲਾਈ ਵਿਭਾਗ ਦੇ ਸੀਨੀਅਰ ਅਧਿਕਾਰੀ ਵੀ ਹਾਜ਼ਰ ਸਨ। ਮੀਟਿੰਗ ਦੌਰਾਨ ਆੜ੍ਹਤੀਆਂ ਐਸੋਸੀਏਸ਼ਨਾਂ ਦੇ ਨੁਮਾਇੰਦਿਆਂ ਵੱਲੋਂ ਵਿਧਾਇਕ ਸੌਂਦ ਨੂੰ ਪਿਛਲੇ ਕਣਕ ਦੇ ਸੀਜਨ ਦੌਰਾਨ ਆਈਆਂ ਮੁਸ਼ਕਿਲਾਂ ਬਾਰੇ ਵਿਸਥਾਰ ਨਾਲ ਦੱਸਿਆ ਗਿਆ। ਉਨ੍ਹਾਂ ਵਿਧਾਇਕ ਨੂੰ ਇਹ ਵੀ ਦੱਸਿਆ ਕਿ ਬੀਤੇ ਸੀਜਨ ਮੌਕੇ ਲਿਫਟਿੰਗ ਦੀ ਬਹੁਤ ਵੱਡੀ ਸਮੱਸਿਆ ਰਹੀ ਹੈ ਜਿਸਦੇ ਤਹਿਤ ਆੜ੍ਹਤੀਆਂ ਨੂੰ ਨਿੱਜੀ ਤੌਰ 'ਤੇ ਟਰੱਕਾਂ ਦਾ ਪ੍ਰਬੰਧ ਕਰਨਾ ਪਿਆ। ਉਨ੍ਹਾ ਵਿਧਾਇਕ ਤਰੁਨਪ੍ਰੀਤ ਸਿੰਘ ਸੌਂਦ ਨੂੰ ਅਪੀਲ ਕਰਦਿਆਂ ਕਿਹਾ ਕਿ ਕਣਕ ਦੀ ਨਿਰਵਿਘਨ ਖਰੀਦ ਅਤੇ ਲਿਫਟਿੰਗ ਨੂੰ ਯਕੀਨੀ ਬਣਾਇਆ ਜਾਵੇ। ਵਿਧਾਇਕ ਸੌਂਦ ਵੱਲੋਂ ਵੱਖ-ਵੱਖ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਜ਼ਿਲ੍ਹੇ ਭਰ ਦੀਆਂ ਦਾਣਾ ਮੰਡੀਆਂ ਵਿੱਚ ਕਣਕ ਦੀ ਖਰੀਦ ਅਤੇ ਲਿਫਟਿੰਗ ਦੀ ਪ੍ਰਕਿਰਿਆ ਨੂੰ ਨਿਰਵਿਘਨ ਤੇ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਹਰ ਸੰਭਵ ਯਤਨ ਕੀਤੇ ਜਾਣ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਨਵੀਂ ਬਣੀ ਮਾਣਯੋਗ ਭਗਵੰਤ ਸਿੰਘ ਮੁੱਖ ਮੰਤਰੀ ਪੰਜਾਬ ਦੀ ਅਗੁਵਾਈ ਵਾਲੀ ਸਰਕਾਰ ਕਿਸਾਨਾਂ ਦੀ ਫਸਲ ਦਾ ਇੱਕ-ਇੱਕ ਦਾਣਾ ਖਰੀਦਣ ਲਈ ਵਚਨਬੱਧ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਅੰਨਦਾਤਾ ਨੂੰ ਆਪਣੀ ਫਸਲ ਵੇਚਣ ਲਈ ਮੰਡੀਆਂ ਵਿੱਚ ਰੁਲਣ ਨਹੀਂ ਦਿੱਤਾ ਜਾਵੇਗਾ ਅਤੇ ਕਿਸੇ ਵੀ ਅਧਿਕਾਰੀ/ਕਰਮਚਾਰੀ ਵੱਲੋਂ ਕੁਤਾਹੀ ਵਰਤਣ 'ਤੇ ਕਰੜੇ ਹੱਥੀਂ ਨਜਿੱਠਿਆ ਜਾਵੇਗਾ।

ਵਿਧਾਇਕ ਵੱਲੋਂ ਅਧਿਕਾਰੀਆਂ ਨੂੰ ਸਪੱਸ਼ਟ ਤੌਰ 'ਤੇ ਕਿਹਾ ਕਿ ਕਿਸਾਨਾਂ ਦੀ ਅਦਾਇਗੀ ਵਿੱਚ ਕਿਸੇ ਵੀ ਤਰ੍ਹਾਂ ਦੀ ਢਿੱਲ-ਮੱਠ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦੀ ਪਾਲਿਸੀ ਅਨੁਸਾਰ ਕਿਸਾਨਾਂ ਨੂੰ ਤੁਰੰਤ ਅਦਾਇਗੀ ਅਤੇ ਖਰੀਦ ਦੇ 48 ਘੰਟਿਆਂ ਦੇ ਅੰਦਰ-ਅੰਦਰ ਅਨਾਜ ਦੀ ਲਿਫਟਿੰਗ ਨੂੰ ਹਰ ਹੀਲੇ ਯਕੀਨੀ ਬਣਾਉਣਾ ਹੈ।

# ਵਿਸ਼ਵ ਟੀ.ਬੀ ਦਿਵਸ ਮਨਾਇਆ



**ਖੰਨਾ/ਤੇਜਿੰਦਰ ਸਿੰਘ ਆਰਟਿਸਟ**

ਅੱਜ ਸਿਵਲ ਸਰਜਨ ਲੁਧਿਆਣਾ ਦੇ ਦਿਸ਼ਾ ਨਿਰਦੇਸ਼ਾ ਹੇਠ ਐਸ.ਐਮ.ਓ ਡਾ ਸਤਪਾਲ ਦੀ ਅਗਵਾਈ ਹੇਠ ਸੀਨੀਅਰ ਟੀ.ਬੀ.ਸੁਪਰਵਾਈਜ਼ਰ ਜਸਬੀਰ ਸਿੰਘ ਦੀ ਅਗਵਾਈ ਵਿਚ ਅੱਜ ਸਿਵਲ ਹਸਪਤਾਲ ਖੰਨਾ ਵਿਚ ਵਿਸ਼ਵ ਟੀ.ਬੀ ਦਿਵਸ ਮਨਾਇਆ ਗਿਆ। ਟੀ.ਬੀ ਸੁਪਰਵਾਈਜ਼ਰ ਜਸਬੀਰ ਸਿੰਘ ਨੇ ਦੱਸਿਆ ਕਿ ਇਕ ਛੋਟਾ ਜਿਹਾ ਮਾਈਕਰੋ ਬੈਕਟਰੀਅਮ ਨਾਂ ਦਾ ਜੀਵਾਣੂ ਹੁੰਦਾ ਹੈ, ਜਿਹੜਾ ਕਿ ਅੱਗੇ ਤੋਂ ਅੱਗੇ ਬੜੀ ਤੇਜ਼ੀ ਨਾਲ ਫੈਲਦਾ ਹੈ। ਉਨ੍ਹਾਂ ਦੱਸਿਆ ਕਿ ਜਿਹੜੇ ਲੋਕ ਸਿਗਰਟ, ਬੀੜੀ ਜਾਂ ਹੋਰ ਕੋਈ ਨਸ਼ੇ ਦਾ ਸੇਵਨ ਕਰਦੇ ਹਨ, ਉਹ ਟੀ.ਬੀ ਦੀ ਬਿਮਾਰੀ ਦਾ ਜਲਦੀ ਸ਼ਿਕਾਰ ਹੁੰਦੇ ਹਨ। ਉਨ੍ਹਾਂ ਦੱਸਿਆ ਕਿ ਟੀ.ਬੀ ਦਾ ਇਕ ਮਰੀਜ਼ ਸਾਲ ਵਿਚ 12 ਤੋਂ 15 ਵਿਅਕਤੀਆਂ ਨੂੰ ਟੀ.ਬੀ ਦਾ ਸ਼ਿਕਾਰ ਬਣਾ ਦਿੰਦਾ ਹੈ ਅਤੇ ਜਿਹੜੇ ਲੋਕ ਟੀ.ਬੀ ਦਾ ਕੋਰਸ ਪੂਰਾ ਨਹੀਂ ਕਰਦੇ ਉਨ੍ਹਾਂ ਵਿਚ ਟੀ.ਬੀ ਲਾ ਇਲਾਜ ਬਣ ਜਾਂਦੀ ਹੈ ਅਤੇ ਫਿਰ ਦੁਬਾਰਾ ਉਨ੍ਹਾਂ ਦੇ ਟੇਸਟ ਕਰਵਾਏ ਜਾਂਦੇ ਹਨ ਤਾਂ ਕਈ ਵਾਰ ਇਹੋ ਜਿਹੇ ਮਰੀਜ਼ ਮਲਟੀ ਫਰੱਗ ਰਜਿਸਟੈਸ ਟੀ ਬੀ ਦਾ ਸ਼ਿਕਾਰ ਹੋ ਜਾਂਦੇ ਹਨ, ਜਿਸਦਾ ਕੋਰਸ 9 ਮਹੀਨੇ ਤੋਂ ਡੇਢ ਸਾਲ ਤੱਕ ਚੱਲਦਾ ਹੈ।ਡਾ.ਕਰਨਪ੍ਰੀਤ ਨੇ ਦੱਸਿਆ ਕਿ ਟੀ.ਬੀ ਦਾ ਕੋਰਸ ਪੂਰਾ ਕਰਨਾ ਚਾਹੀਦਾ ਹੈ, ਵਿਚ ਵਿਚਾਲੇ ਨਹੀਂ ਛੱਡਣਾ ਚਾਹੀਦਾ ਅਤੇ ਜਿਸ ਵਿਅਕਤੀ ਨੂੰ ਦੋ ਹਤੇ ਤੋ ਖਾਸੀ ਜਾਂ ਬੁਖਾਰ ਚੜ੍ਹ ਰਿਹਾ ਹੈ, ਉਸਨੂੰ ਨੇੜੇ ਦੇ ਸਿਹਤ ਕੇਂਦਰ ਵਿਚ ਜਾਕੇ ਆਪਣੇ ਟੈਸਟ ਕਰਵਾਉਣੇ ਚਾਹੀਦੇ ਹਨ। ਇਸ ਤੋਂ ਇਲਾਵਾ ਕੁਲਾਰ ਕਾਲਜ ਦੀਆਂ ਲੜਕੀਆ ਨੂੰ ਵੀ ਟੀ.ਬੀ ਦੀ ਸਪੀਚ ਕੀਤੀ ਅਤੇ ਵੱਖ'ਵੱਖ ਟੀ.ਬੀ ਦੇ ਪੋਸਟਰ ਬਣਾਕੇ ਲੋਕਾਂ ਨੂੰ ਪ੍ਰਦਰਸ਼ਨੀ ਰੂਪ ਵਿਚ ਜਾਣਕਾਰੀ ਦਿੱਤੀ।ਇਸ ਤੋਂ ਇਲਾਵਾ ਐਸਐਮਓ ਡਾ. ਸਤਪਾਲ ਨੇ ਦੱਸਿਆ ਕਿ ਸਰਕਾਰ ਹਰ ਟੀ.ਬੀ ਦੇ ਮਰੀਜ਼ ਨੂੰ 500 ਰੁਪਏ ਮਹੀਨਾ ਜਦੋਂ ਤੱਕ ਉਸਦਾ ਇਲਾਜ ਚੱਲਦਾ ਹੈ, ਦੀ ਰਾਸ਼ੀ ਮਿਲਦੀ ਹੈ, ਤਾਂ ਕਿ ਉਹ ਆਪਣੀ ਖੁਰਾਕ ਖਾ ਸਕੇ। ਉਨ੍ਹਾ ਦੱਸਿਆ ਕਿ ਭਾਰਤ ਸਰਕਾਰ ਨੇ 2025 ਤੱਕ ਟੀ.ਬੀ ਨੂੰ ਖਤਮ ਕਰਨ ਦਾ ਟੀਚਾ ਮਿਥਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਟੀ.ਬੀ ਹਾਰੇਗਾ, ਦੇਸ਼ ਜਿੱਤੇਗਾ। ਇਸ ਮੌਕੇ ਡਾ.ਹਰਵਿੰਦਰ ਕੌਰ, ਡਾ.ਰਾਘਵ, ਡਾ.ਇੰਦਰਪ੍ਰੀਤ, ਡਾ.ਅੰਕਿਤ, ਡਾ.ਰਾਘਵ, ਡਾ.ਇੰਦਰਪ੍ਰੀਤ, ਡਾ.ਅੰਕਿਤ ਅਗਰਵਾਲ, ਡਾ.ਹਾਰਿਮਾ, ਗੁਰਪ੍ਰੀਤ ਕੌਰ, ਖੁਸ਼ਵਿੰਦਰ ਸਿੰਘ ਹਾਜ਼ਰ ਸਨ।

# ਦਿੱਲੀ ਕਾਨਵੈਂਟ ਸਕੂਲ ਨੇ ਮਨਾਇਆ ਸ਼ਹੀਦੇ ਆਜ਼ਮ ਭਗਤ ਸਿੰਘ ਦਾ ਸ਼ਹੀਦੀ ਦਿਹਾੜਾ



**ਮੋਗਾ/ਫਤਹਿਗੜ੍ਹ ਪੰਜਤੂਰ/ਦਵਿੰਦਰ ਸਿੰਘ ਬਿੱਟੂ ਸਹੋਤਾ**

ਇਲਾਕੇ ਦੀ ਨਾਮਵਰ ਸੰਸਥਾ ਦਿੱਲੀ ਕਾਨਵੈਂਟ ਸਕੂਲ ਮੁੰਡੀ ਜਮਾਲ ਵਿਖੇ ਪ੍ਰਿੰਸੀਪਲ ਵਿਪਨ ਕੁਮਾਰ, ਚੇਅਰਮੈਨ ਬਲਵਿੰਦਰ ਸਿੰਘ, ਬਲਜੀਤ ਸਿੰਘ ਅਤੇ ਸਮੂਹ ਸਟਾਫ ਦੀ ਯੋਗ ਅਗਵਾਈ ਹੇਠ ਸਰਦਾਰ ਭਗਤ ਸਿੰਘ ਰਾਜਗੁਰੂ ਅਤੇ ਸੁਖਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਇਕ ਨਾਟਕ ਕਰਵਾਇਆ ਗਿਆ ,ਇਸ ਨਾਟਕ ਵਿਚ ਦਿੱਲੀ ਕਾਨਵੈਂਟ ਸਕੂਲ ਦੇ ਵੱਖ ਵੱਖ ਬੱਚਿਆਂ ਨੇ ਸ਼ਹੀਦਾਂ ਦੇ ਕਿਰਦਾਰ ਦੀ ਭੂਮਿਕਾ ਬਹੁਤ ਹੀ ਬਾਖੂਬੀ ਢੰਗ ਨਾਲ ਨਿਭਾਈ, ਅਤੇ ਦੇਸ਼ ਦੀ ਖਾਤਰ ਆਪਣੇ ਅਨਮੋਲ ਜੀਵਨ ਨੂੰ ਵਾਰਨ ਵਾਲੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਤੇ ਉਥੇ ਹੀ ਨਾਟਕ ਅਤੇ ਕੋਰੀਓਗ੍ਰਾਫੀ ਕਰ ਕੇ ਸ਼ਹੀਦਾਂ ਦੀ ਯਾਦ ਨੂੰ ਤਾਜ਼ਾ ਕੀਤਾ , ਇਸ ਮੌਕੇ ਪ੍ਰਿੰਸੀਪਲ ਵਿਪਨ ਕੁਮਾਰ ਨੇ ਭਗਤ ਸਿੰਘ ਰਾਜਗੁਰੂ ਸੁਖਦੇਵ ਦੇ ਜੀਵਨ ਬਾਰੇ ਬੱਚਿਆਂ ਨੂੰ ਜਾਣੂ ਕਰਵਾਇਆ, ਅਤੇ ਉਨ੍ਹਾਂ ਦੇ ਦਰਸਾਏ ਹੋਏ ਮਾਰਗ ਤੇ ਚੱਲਣ ਲਈ ਕਿਹਾ , ਉਨ੍ਹਾਂ ਇਹ ਵੀ ਕਿਹਾ ਕਿ ਦ੍ਰਿੜ੍ਹਤਾ ਅਤੇ ਪੱਕੇ ਇਰਾਦੇ ਨਾਲ ਹਰ ਮੰਜ਼ਿਲ ਪਾਈ ਜਾ ਸਕਦੀ ਹੈ । ਇਸ ਲਈ ਸਾਨੂੰ ਵਿਸ਼ਵਾਸ ਅਤੇ ਲਗਨ ਨਾਲ ਸੰਘਰਸ਼ ਕਰਨਾ ਚਾਹੀਦਾ ਹੈ । ਇਸ ਮੌਕੇ ਸਕੂਲ ਦੇ ਸਮੂਹ ਬੱਚੇ ਅਤੇ ਸਮੂਹ ਸਟਾਫ ਹਾਜ਼ਰ ਸਨ ।

# ਦੇਸ਼ ਭਗਤੀ ਦੇ ਰੰਗ ਵਿੱਚ ਰੰਗ ਕੇਸ਼ਹੀਦ-ਏ-ਆਜ਼ਮ ਭਗਤ ਸਿੰਘ ਨੂੰ ਭੇਂਟ ਕੀਤੀ

**ਜਲੰਧਰ/ਦੀਪਕ ਨਟਰਾਜ, ਰਜੇਸ਼**

ਡਿਪਸ ਚੇਨ ਦੀਆਂ ਸਮੂਹ ਸੰਸਥਾਵਾਂ ਦੇ ਵਿਦਿਆਰਥੀਆਂ ਅਤੇ ਸਟਾਫ਼ ਮੈਂਬਰਾਂ ਨੇ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਰਾਜਗੁਰੂ ਅਤੇ ਸੁਖਦੇਵ ਨੂੰ ਦੇਸ਼ ਭਗਤੀ ਦੇ ਰੰਗ ਵਿੱਚ ਰੰਗ ਕੇ ਸ਼ਰਧਾਂਜਲੀ ਭੇਟ ਕੀਤੀ। ਸਕੂਲਾਂ ਵਿੱਚ ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਬੱਚਿਆਂ ਨੇ ਇਕੱਠੇ ਹੋ ਕੇ ਦੋ ਮਿੰਟ ਦਾ ਮੌਨ ਧਾਰਨ ਕੀਤਾ ਅਤੇ ਸ਼ਹੀਦਾਂ ਨੂੰ ਯਾਦ ਕਰਕੇ ਸ਼ਰਧਾਂਜਲੀ ਭੇਟ ਕੀਤੀ। ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਦੇ ਗੀਤਾਂ ,ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਜੀਵਨੀ 'ਤੇ ਨਾਟਕ ਪੇਸ਼ ਕੀਤਾ ਗਿਆ। ਛੋਟੇ-ਛੋਟੇ ਬੱਚੇ ਭਗਤ ਸਿੰਘ ਦਾ ਪਹਿਰਾਵਾ ਪਹਿਨ ਕੇ ਸਕੂਲ ਪਹੁੰਚੇ ਅਤੇ ਦੇਸ਼ ਭਗਤੀ ਦੇ ਨਾਅਰੇ ਲਗਾਉਂਦੇ ਹੋਏ ਪੂਰੇ ਮਾਹੌਲ ਨੂੰ ਦੇਸ਼ ਭਗਤੀ ਦੇ ਰੰਗ ਵਿੱਚ ਰੰਗ ਦਿੱਤਾ। ਸੀਨੀਅਰ ਜਮਾਤ ਦੇ ਵਿਦਿਆਰਥੀਆਂ ਵੱਲੋਂ ਉਨ੍ਹਾਂ ਦੇ ਜੀਵਨ 'ਤੇ ਕਵਿਤਾਵਾਂ ਪੇਸ਼ ਕੀਤੀਆਂ ਗਈਆਂ। ਬੱਚਿਆਂ ਨੇ ਦੱਸਿਆ ਕਿ ਕਿਸ ਤਰ੍ਹਾਂ ਸਾਡੇ ਬਹਾਦਰ ਸ਼ਹਿਦਾਂ ਨੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਆਪਣੀ ਸ਼ਹਾਦਤ ਦਿੱਤੀ ਹੈ।

ਡਿਪਸ ਚੈਨ ਦੇ ਐਮਡੀ ਸਰਦਾਰ ਤਰਵਿੰਦਰ ਸਿੰਘ ਅਤੇ ਸੀਈਓ ਮੋਨਿਕਾ ਮੰਡੋਤਰਾ ਨੇ ਕਿਹਾ ਕਿ ਦੇਸ਼ ਲਈ ਸਰਦਾਰ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਸ਼ਹਾਦਤ ਹਮੇਸ਼ਾ ਦੇਸ਼ ਵਾਸੀਆਂ ਦੇ ਮਨਾਂ ਵਿੱਚ ਸ਼ਰਧਾ, ਪਿਆਰ, ਸਤਿਕਾਰ ਅਤੇ



ਭਾਈਚਾਰੇ ਦੀ ਭਾਵਨਾ ਪੈਦਾ ਕਰਦੀ ਹੈ। ਵਿਦਿਆਰਥੀਆਂ ਨੂੰ ਹਮੇਸ਼ਾ ਸਾਡੇ ਸ਼ਹਿਦਾਂ ਦੁਆਰਾ ਦੇਖੇ ਗਏ ਸੁਪਨਿਆਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

# ਐਕਸ਼ਨ ਮੋਡ ਵਿੱਚ ਦਿਖਾਈ ਦੇ ਰਹੇ ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਓ



**ਜੰਡਿਆਲਾ ਗੁਰੂ/ਜਸਪਾਲ ਸ਼ਰਮਾ**

ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਉਪਰੰਤ ਵਿਧਾਇਕ ਅਤੇ ਮੰਤਰੀ ਐਕਸ਼ਨ ਮੋਡ ਵਿੱਚ ਦਿਖਾਈ ਦੇ ਰਹੇ ਹਨ ।ਜੰਡਿਆਲਾ ਗੁਰੂ ਤੋਂ ਪਿੰਡ ਬੰਡਾਲਾ ਨੂੰ ਜਾਂਦੀ ਲਿੰਕ ਸੜਕ ਹੈ ਜੋ ਕਿ ਤਰਨ ਤਾਰਨ ਤੋਂ ਹੁੰਦੀ ਹੋਈ ਫਿਰੋਜਪੁਰ, ਪੱਟੀ,ਫਾਜਿਲਕਾ ਅਬੋਹਰ ਗੰਗਾਂਨਗਰ ਰਾਜਿਸਥਾਨ ਨਾਲ ਜੋੜਦੀ ਹੈ।ਇਸ ਸੜਕ ਤੇ ਕਈ ਟੋਏ ਪਏ ਹੋਏ ਸੀ ਜਿਸ ਕਰਕੇ ਇਸ ਰੋਡ ਤੇ ਕਈ ਐਕਸੀਡੈਂਟ ਹੋਏ ਸੀ। ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਓ ਨੇ ਪਹਿਲ ਦੇ ਅਧਾਰ ਤੇ ਇਸ ਸੜਕ ਦੀ ਮੁਰਮੰਤ ਕਰਵਾਈ ਸੜਕ ਦੇ ਨਾਲ ਪੈਂਦੇ ਛੱਪੜ ਨੂੰ ਵੀ ਜਲਦ ਹੀ ਨਿਕਾਸੀ ਦੇਣ ਦਾ ਭਰੋਸਾ ਦਿਵਾਇਆ।ਇਸ ਮੌਕੇ ਮੀਡੀਆ ਨੇ ਪਿੰਡ ਬੰਡਾਲਾ ਤੇ ਜਾਣੀਆਂ ਦੇ ਵਾਸੀਆਂ, ਰਾਹਗੀਰਾਂ ਨਾਲ ਜਦ ਗੱਲਬਾਤ ਕੀਤੀ ਤਾਂ ਲੋਕਾਂ ਨੇ ਹਰਭਜਨ ਸਿੰਘ ਈ ਟੀ ਓ ਦਾ ਇਸ ਸੜਕ ਦੀ ਮੁਰਮੰਤ ਕਰਵਾਉਣ ਲਈ ਧੰਨਵਾਦ ਕੀਤਾ ਉਨ੍ਹਾਂ ਕਿਹਾ ਕਿ ਹੁਣ ਇੱਥੇ ਐਕਸੀਡੈਂਟ ਹੋਣੇ ਬੰਦ ਹੋ ਜਾਣਗੇ ਜੋ ਕਿ ਇਸ ਸੜਕ ਦੇ ਵਿੱਚ ਪਏ ਟੋਇਆਂ ਕਰਕੇ ਹੁੰਦੇ ਸੀ। ਪਿੰਡ ਜਾਣੀਆਂ ਦੇ ਲੋਕਾਂ ਨੇ ਮੰਗ ਕੀਤੀ ਕਿ ਸੜਕ ਦੇ ਨਾਲ ਲਗਦੇ ਛੱਪੜ ਦੇ ਪਾਣੀ ਦੇ ਨਿਕਾਸ ਦਾ ਹੱਲ ਜਲਦੀ ਕੀਤਾ ਜਾਵੇ ।ਜਿਸ ਨਾਲ ਪਿੰਡ ਵਾਸੀ ਪ੍ਰੇਸ਼ਾਨ ਵੀ ਹੋ ਰਹੇ ਹਨ ਅਤੇ ਆਉਣ ਜਾਣ ਵਾਲੇ ਰਾਹਗੀਰਾਂ ਨੂੰ ਵੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

# ਸ਼ਹੀਦ ਫ਼ੌਜੀਆਂ ਦੇ ਪਰਿਵਾਰਾਂ ਦਾ ਸਨਮਾਨ ਕਰ ਕੇ ਸ਼ਰਧਾਂਜਲੀ ਭੇਟ ਕੀਤੀ



**ਅੰਮ੍ਰਿਤਸਰ/ਰਾਜਾ ਕੋਟਲੀ**

ਯੂਨਿਟ ਲੱਕੀ ਸੇਵਨ ਸਿੱਖ ਲਾਈਟ ਇਨਫੈਂਟਰੀ ਖਾਸਾ ਕੈਂਟ ਵਿਖੇ ਸਾਬਕਾ ਸੈਨਿਕਾ ਅਤੇ ਦੇਸ਼ ਲਈ ਸ਼ਹੀਦ ਹੋਏ ਫੌਜੀਆਂ ਦੇ ਪਰਿਵਾਰਾਂ ਨੂੰ ਸਨਮਾਨਿਤ ਕਰਨ ਲਈ ਇੱਕ ਵਿਸ਼ੇਸ਼ ਪ੍ਰੋਗਰਾਮ ਕੀਤਾ ਗਿਆ। ਜਿਸ ਵਿਚ ਸਾਬਕਾ ਫੌਜੀਆਂ ਨੂੰ ਆਉਂਦੀਆਂ ਮੁਸ਼ਕਲਾਂ ਵੱਲ ਵਿਸ਼ੇਸ਼ ਤੌਰ ਤੇ ਧਿਆਨ ਦਿੱਤਾ ਗਿਆ 1971 ਵਿਚ ਭਾਰਤ ਪਾਕਿਸਤਾਨ ਦੀ ਹੋਈ ਜੰਗ ਦੌਰਾਨ ਹਲਕਾ ਮਜੀਠਾ ਦੇ ਪਿੰਡ ਕੋਟਲੀ ਮੱਲੀਆ ਦੇ ਸ਼ਹੀਦ ਹੋਏ ਸਿਪਾਹੀ ਸਵ.ਕਰਨੈਲ ਸਿੰਘ ਦੇ ਪਰਿਵਾਰ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ। ਇਸ ਦੇ ਨਾਲ ਹੀ ਦੇਸ਼ ਲਈ ਹੋਰ ਜਾਨ ਵਾਰਨ ਵਾਲੇ ਸ਼ਹੀਦ ਵਿੱਚ ਸ ਕਰਨੈਲ ਸਿੰਘ ਦੇ ਸਪੁੱਤਰ ਹਰਪਾਲ ਸਿੰਘ ਅਤੇ ਸ਼ਹੀਦ ਹੋਏ ਏ ਐਸ ਆਈ ਸ ਨਰਿੰਦਰਪਾਲ ਸਿੰਘ ਦੀ ਪਤਨੀ ਸ੍ਰੀਮਤੀ ਮਹਿੰਦਰ ਕੌਰ ਦਾ ਸੂਬੇਦਾਰ ਨਿਰਮਲ ਸਿੰਘ ਨਾਇਕ ਬਰਿੰਦਰ ਸਿੰਘ ਸਿਪਾਹੀ ਲਖਬੀਰ ਸਿੰਘ ਅਤੇ ਕਈ ਸੀਨੀਅਰ ਅਧਿਕਾਰੀਆਂ ਵੱਲੋਂ ਸਨਮਾਨਤ ਕੀਤਾ ਗਿਆ ਅਤੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ।

# ਪੀ ਆਰ ਟੀ ਸੀ ਡਰਾਇਵਰ ਕੰਡਕਟਰਾਂ ਨੇ ਸਿੱਖੇ ਫਸਟ ਏਡ ਜ਼ਿੰਦਗੀ ਬਚਾਓ ਗੁਰ

**ਪਟਿਆਲਾ/ਜਗਦੀਸ਼**:- ਪੀ ਆਰ ਟੀ ਸੀ ਪਟਿਆਲਾ ਦੇ 9 ਡਿਪੂਆਂ ਤੋਂ ਡਰਾਈਵਿੰਗ ਸਕੂਲ ਵਿਖੇ ਆਏ ਡਰਾਈਵਰ ਕੰਡਕਟਰਾਂ ਨੂੰ ਸ੍ਰੀ ਕਾਕਾ ਰਾਮ ਵਰਮਾ ਸੇਵਾ ਮੁਕਤ ਜ਼ਿਲ੍ਹਾ ਟ੍ਰੇਨਿੰਗ ਅਫਸਰ ਰੈਡ ਕਰਾਸ ਨੇ ਕਿਸੇ ਘਰ ਸੜਕ ਕੰਮ ਵਾਲੀ ਥਾਂ ਜਖਮੀ ਅਚਾਨਕ ਬੇਹੋਸ਼ ਹੋਕੇ ਡਿਗੇ ਇਨਸਾਨ ਬੱਚੇ ਨੌਜਵਾਨ ਬਜੁਰਗ ਨੂੰ ਸਾਹ ਬੰਦ ਹੋਣ ਦਿਲ ਦਿਮਾਗ ਦੇ ਰੁਕਣ ਤੋਂ ਬਚਾਕੇ ਹਸਪਤਾਲ ਤੱਕ ਫਸਟ ਏਡ ਦੀ ਏ ਬੀ ਸੀ ਡੀ ਰਿਕਵਰੀ ਪੁਜੀਸ਼ਨ ਕਰਕੇ ਮਰਨ ਤੋਂ ਬਚਾਉਣ ਅਤੇ ਠੀਕ ਤਰੀਕੇ ਨਾਲ ਪਹੁੰਚਾਉਣ ਬਾਰੇ ਟ੍ਰੇਨਿੰਗ ਦਿੱਤੀ। ਇੰਸਪੈਕਟਰ ਸ੍ਰੀ ਜਸਪਾਲ ਸਿੰਘ ਇੰਚਾਰਜ ਟਰੇਨਿੰਗ ਸਕੂਲ ਨੇ ਦੱਸਿਆ ਕਿ ਸ੍ਰੀ ਕਾਕਾ ਰਾਮ ਵਰਮਾ ਨੇ ਕਰਮਚਾਰੀਆਂ ਨੂੰ ਤਰਾਂ ਤਰਾਂ ਦੇ ਪ੍ਰੈਕਟੀਕਲ ਕਰਵਾਕੇ ਬਣਾਉਟੀ ਸਾਹ ਦੇਣ, ਨਬਜ ਸਾਹ ਕਿਰਿਆ ਦੀ ਜਾਚ ਕਰਨ ਵੈਂਟੀਲੇਟਰ ਬਣਾਉਟੀ ਸਾਹ ਬਲੱਡ ਪ੍ਰੈਸ਼ਰ ਸੂਗਰ ਆਕਸੀਜਨ ਲੇਵਲ ਘੱਟ ਹੋਣ, ਸਿਰ ਦੀ ਸੱਟ ਵਗਦੇ ਖ਼ੂਨ ਨੂੰ ਬੰਦ ਕਰਨ ਅੰਦਰੂਨੀ ਰਤਵਾਹ ਦੇ ਨਾਲ ਨਾਲ ਸੇਫਟੀ ਨਿਯਮਾਂ ਅਸਲਾ ਦੀ ਟ੍ਰੇਨਿੰਗ ਦਿੱਤੀ ਅਤੇ ਕਸਮ ਚੁਕਾਈ ਕਿ ਉਹ ਟਰੈਫਿਕ ਨਿਯਮਾਂ ਦੀ ਪਾਲਣਾ ਕਰਦੇ ਰਹਿਣ ਅਤੇ ਹਾਦਸਾ ਗ੍ਰਸਤ ਲੋਕਾਂ ਨੂੰ ਬਚਾਉਣ ਹਿਤ 112 ਨੰਬਰ ਜਾ ਨੈਸਨਲ ਹਾਈਵੇਜ਼ ਤੇ 1033 ਨੰਬਰ ਤੇ ਪੂਰੀ ਜਾਣਕਾਰੀ ਦੇਣ। ਪਰ ਹਾਦਸੇ ਹੋਣ ਤੇ ਭੱਜਣ ਦੀ ਕੋਸ਼ਿਸ਼ ਨਾ ਕੀਤੀ ਜਾਵੇ। ਸ੍ਰੀ ਵਰਮਾ ਜੀ ਨੇ ਦੱਸਿਆ ਕਿ ਸਬਰ ਸਹਿਣਸ਼ੀਲਤਾ ਧੰਨਵਾਦ ਸਤੁੰਸਟਤੀ ਅਨੰਦ ਨਿਮਰਤਾ ਪ੍ਰੇਮ ਇਨਸਾਨੀਅਤ ਹਮਦਰਦੀ ਵਾਲੇ ਇਨਸਾਨ ਬਣਕੇ ਆਪਣੀ ਆਪਣੇ ਪਰਿਵਾਰ ਸੰਸਥਾ ਅਤੇ ਦੇਸ ਸਮਾਜ ਦੀ ਸੇਵਾ ਸੰਭਾਲ ਕੀਤੀ ਜਾਵੇ। ਸ੍ਰੀ ਜਸਪਾਲ ਸਿੰਘ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਇਹ ਜਿੰਦਗੀ ਬਚਾਓ ਟ੍ਰੇਨਿੰਗ ਹਰੇਕ ਵਿਦਿਆਰਥੀ ਅਧਿਆਪਕ ਕਰਮਚਾਰੀ ਪੁਲਿਸ ਜਵਾਨ ਲਈ ਬਹੁਤ ਲਾਹੇਵੰਦ ਰਹਿੰਦੀ ਹੈ ਕਿਉਂਕਿ ਹਾਦਸੇ ਜਾ ਸੰਕਟ ਸਮੇਂ ਐਬੂਲੈਂਸ ਫਾਇਰ ਬ੍ਰਿਗੇਡ ਪੁਲਿਸ 20/30 ਮਿੰਟਾਂ ਬਾਅਦ ਘਟਨਾ ਵਾਲੀ ਥਾਂ ਪਹੁੰਚਦੇ ਹਨ।



# ਭਾਰਤ ਦੇ ਪਹਿਲੇ ਰੋਬੋਟ ਨੇ ਯਮਨ ਵਿੱਚ ਇੱਕ ਮਰੀਜ਼ ਦੇ ਇਲਾਜ ਲਈ ਇੱਕ ਐਂਟੀ-ਯੂਰੀਨਰੀ ਏਜੰਟ ਨੂੰ ਸਫਲਤਾਪੂਰਵਕ ਇਮਪਲਾਂਟ ਕੀਤਾ

**ਅੰਮ੍ਰਿਤਸਰ/ਲੋਕ ਬਾਣੀ**

ਭਾਰਤ ਵਿੱਚ ਪਹਿਲੀ ਵਾਰ, ਬੀਐਲਕੇ-ਮੈਕਸ ਹਸਪਤਾਲ ਦੇ ਡਾਕਟਰਾਂ ਨੇ ਇੱਕ 24 ਸਾਲਾ ਯਮੇਨੀ ਮਰੀਜ਼ ਦੀ ਨਕਲੀ ਪਿਸ਼ਾਬ ਧਾਰਨ ਦੀ ਸਰਜਰੀ ਕੀਤੀ ਜੋ ਜਨਮ ਤੋਂ ਹੀ ਪਿਸ਼ਾਬ ਸੰਬੰਧੀ ਸਮੱਸਿਆਵਾਂ ਤੋਂ ਪੀੜਤ ਸੀ। ਇਹ ਸਰਜਰੀ ਸਫਲ ਰਹੀ ਅਤੇ ਮਰੀਜ਼ ਨੂੰ ਡਾਇਪਰ ਤੋਂ ਛੁਟਕਾਰਾ ਦਿਵਾਉਣ ਵਿਚ ਮਦਦਗਾਰ ਸਾਬਤ ਹੋਈ, ਜਿਸ ਦੀ ਉਹ ਕਈ ਸਾਲਾਂ ਤੋਂ ਵਰਤੋਂ ਕਰ ਰਿਹਾ ਸੀ। ਡਾ. ਆਦਿਤਿਆ ਪ੍ਰਧਾਨ - ਡਾਇਰੈਕਟਰ, ਯੂਰੋਲੋਜੀ, ਐਂਡਰੋਲੋਜੀ ਅਤੇ ਰੇਨਲ ਟ੍ਰਾਂਸਪਲਾਂਟ, ਬੀਐਲਕੇ-ਮੈਕਸ ਸੁਪਰ ਸਪੈਸ਼ਲਿਟੀ ਹਸਪਤਾਲ, ਜਿਸ ਨੇ ਇਸ ਕੇਸ ਦੀ ਅਗਵਾਈ ਕੀਤੀ, ਨੇ ਕਿਹਾ - ÷ਇਸ ਮਰੀਜ਼ ਦੀ ਇੱਕ ਜਮਾਂਦਰੂ ਸਥਿਤੀ ਸੀ ਜਿਸਨੂੰ ਐਕਸਸਟ੍ਰੋਫੀ ਐਪੀਸਪੈਡੀਆਸ ਕੰਪਲੈਕਸ ਕਿਹਾ ਜਾਂਦਾ ਹੈ। ਇਸ ਬਿਮਾਰੀ ਵਿਚ ਪੇਟ ਦੇ ਹੇਠਲੇ ਹਿੱਸੇ ਦੀ ਦੀਵਾਰ ਬਿਲਕੁਲ ਨਹੀਂ ਵਿਕਸਿਤ ਹੁੰਦੀ, ਜਿਸ ਕਾਰਨ ਪਿਸ਼ਾਬ ਦੀ ਥੈਲੀ ਖੁੱਲ੍ਹੀ ਰਹਿੰਦੀ ਹੈ ਅਤੇ ਖੁੱਲ੍ਹੇ ਹੋਣ ਕਾਰਨ ਬਿਨਾਂ ਕਿਸੇ ਕੰਟਰੋਲ ਦੇ ਪਿਸ਼ਾਬ ਨਿਕਲਦਾ ਰਹਿੰਦਾ ਹੈ। ਇਸ ਬਿਮਾਰੀ ਦੀ ਰੋਕਥਾਮ ਅਤੇ ਇਲਾਜ ਨੂੰ ਸਫ਼ਲ ਬਣਾਉਣ ਲਈ ਬਚਪਨ ਤੋਂ ਹੀ ਕਈ ਤਰ੍ਹਾਂ ਦੇ ਅਪਰੇਸ਼ਨਾਂ ਦੀ ਲੋੜ ਹੁੰਦੀ ਹੈ।



# ਖੰਨੇ ਦੀ ਕਮੇਟੀ ਰਿਸ਼ਵਤ ਦਾ ਗੜ੍ਹ- ਇੱਕ ਇੱਕ ਗਲੀ ਦੇ ਦੋ ਦੋ ਜਗ੍ਹਾ ਟੈਂਡਰ ਲੱਗੇ ਪਏ--ਐਡੀ ਵੱਡੇ ਪੱਧਰ ਤੇ ਰਿਸ਼ਵਤ





**ਖੰਨਾ/ਤੇਜਿੰਦਰ ਸਿੰਘ ਆਰਟਿਸਟ**

ਅਨਾਜ ਮੰਡੀ ਖੰਨਾ ਸਮੂਹ ਆੜ੍ਹਤੀਆ ਅਤੇ ਮੁਨੀਮਾਂ, ਮਜ਼ਦੂਰਾਂ ਨੇ ਕੀਤਾ ਵਿਧਾਇਕ ਸੌਂਦ ਦਾ ਸਨਮਾਨ

ਅੱਜ ਅਨਾਜ ਮੰਡੀ ਖੰਨਾ ਵਿੱਖੇ ਮਾਰਕੀਟ ਕਮੇਟੀ ਹਾਲ ਵਿੱਖੇ ਆੜਤੀ ਐਸੋਸੀਏਸ਼ਨ , ਮੁਨੀਮ ਜਥੇਬੰਦੀ ਅਤੇ ਮਜਦੂਰ ਯੂਨੀਯਨ ਵਲੋਂ ਹਲ਼ਕੇ ਦੇ ਆਮ ਆਦਮੀ ਪਾਰਟੀ ਦੇ ਵਿਧਾਇਕ ਤਰੁਨਪ੍ਰੀਤ ਸਿੰਘ ਸੌਂਦ ਦਾ ਭਾਰੀ ਇਕੱਠ ਕਰਕੇ ਫੁੱਲਾਂ ਦੇ ਗੁਲਦਸਤੇ ,ਸਿਰੋਪਾਓ, ਸ਼ਾਲ ਦੇਕੇ ਉਹਨਾਂ ਨੂੰ ਸਨਮਾਨਿਤ ਕੀਤਾ ਗਿਆ

ਇਸ ਮੌਕੇ ਹਲ਼ਕੇ ਖੰਨਾ ਦੇ ਵਿਧਾਇਕ ਤਰੁਨਪ੍ਰੀਤ ਸਿੰਘ ਸੌਂਦ ਨੇ ਮਾਰਕੀਟ ਕਮੇਟੀ ਦੇ ਹਾਲ ਵਿਖੇ ਸੱਭ ਨੂੰ ਸੰਬੋਧਨ ਕਰਦਿਆਂ ਹੋਇਆਂ ਕਿਹਾ ਕਿ ਭ੍ਰਿਸ਼ਟਾਚਾਰ ਨੂੰ ਜੜੋਂ ਖਤਮ ਕਰਾਂ ਗੇਂ ਖੰਨੇ ਦੀ ਕਮੇਟੀ ਰਿਸ਼ਵਤ ਦਾ ਗੜ੍ਹ- ਇੱਕ ਇੱਕ ਗਲੀ ਦੇ ਦੋ ਦੋ ਜਗ੍ਹਾ ਟੈਂਡਰ ਲੱਗੇ ਪਏ--ਐਡੀ ਵੱਡੇ ਪੱਧਰ ਤੇ ਰਿਸ਼ਵਤ

**ਤਹਿਸੀਲ ਰਿਸ਼ਵਤ ਦਾ ਗੜ੍ਹ-**

ਇਮਪਰੂਵਮੈਂਟ ਰਿਸ਼ਵਤ ਦਾ ਗੜ੍ਹ,- ਖੰਨੇ ਸ਼ਰਾਬ ਫੈਕਟਰੀਆਂ ਲੱਗਿਆਂ ਹੋਣ ਤੇ ਕਿਸੇ ਨੂੰ ਖ਼ਬਰ ਨਾਂ ਹੋਵੇ ਮੈਨੂੰ ਬਹੁਤ ਹੀ ਦੁੱਖ ਨਾਲ਼ ਕਹਿਣਾ ਪੈ ਰਿਹਾ ਹੈ ਉਹਨਾਂ ਅਫ਼ਸਰ ਸ਼ਾਹੀ ਨੂੰ ਚੇਤਾਵਨੀ ਦਿੰਦਿਆਂ ਹੋਇਆ ਕਿਹਾ ਕਿ ਕਿ ਤੁਸੀਂ ਆਪ ਹੀ ਠੀਕ ਹੋ ਜਾਓ ਕਿਓਕੀ ਮੈਂ ਕਿਸੇ ਵੀ ਕੀਮਤ ਤੇ ਰਿਸ਼ਵਤਖੋਰੀ ਬਰਦਾਸ਼ਤ ਨਹੀਂ ਕਰਨੀ ਅਗਰ ਜੇ ਕੋਈ ਮੇਰਾ ਬੰਦਾ ਵੀ ਮੇਰੇ ਨਾਮ ਤੇ ਤੁਹਾਡੇ ਕੋਲੋਂ ਕੋਈ ਨਾਜਾਇਜ਼ ਕੰਮ ਕਰਵਾਉਣਾ ਚਾਹੁੰਦੇ ਹਨ ਤਾਂ ਉਹਨੂੰ ਵੀ ਕੱਢ ਕੇ ਪਾਰਟੀ ਤੋ ਬਾਹਰ ਦਾ ਰਸਤਾ ਦਿਖਾ ਦੇਵਾਂ ਗਾ ਮੈਂ ਰਿਸ਼ਵਤ ਖੋਰੀ ਬਿਲਕੁਲ ਬਰਦਾਸ਼ਤ ਨਹੀਂ ਕਰਨੀ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਤੁਹਾਡੇ ਖੰਨਾ ਸ਼ਹਿਰ ਦੀ ਅਨਾਜ ਮੰਡੀ ਜਿਹੜੀ ਏਸ਼ੀਆ ਦੀ ਸਭਤੋਂ ਵੱਡੀ ਅਨਾਜ ਮੰਡੀ ਦੇ ਨਾਮ ਨਾਲ ਜਾਣੀ ਜਾਂਦੀ ਸੀ ਇਹੀ ਅਨਾਜ ਮੰਡੀ ਨੂੰ ਹੋਰ ਖੁਸ਼ਹਾਲ ਬਨਾਵਾਗੇਂ ਇਸ ਲਈ ਉਹ ਆਪਣੀ ਪੂਰੀ ਤਾਕਤ ਲਗਾ ਦੇਣਗੇ ਕਿਉਂਕਿ ਪਿਛਲੀਆਂ ਸਰਕਾਰਾਂ ਦੀਆਂ ਨੀਤੀਆਂ ਕਾਰਨ ਪੰਜਾਬ ਤਰੱਕੀ ਕਰਨ ਦੀ ਬਜਾਏ ਹਰ ਇਲਾਕਾ ਬੁਰੀ ਤਰ੍ਹਾ ਪਿਛੜਿਆ ਹੈ ਵਿਧਾਇਕ ਸੌਂਦ ਨੇ ਕਿਹਾ ਕਿ ਉਹ ਖੰਨਾ ਇਲਾਕੇ ਅਤੇ ਦਾਨਾ ਮੰਡੀ ਦੇ ਆੜਤੀਆਂ, ਮੁਨਿਮਾ ,ਲੇਬਰ ਯੂਨੀਯਨ ਸਮੂਹ ਵੋਟਰਾਂ ਦਾ ਦਿਲ ਦੀਆਂ ਗਹਿਰਾਈਆਂ ਨਾਲ ਧੰਨਵਾਦ ਕਰਦੇ ਹਨ ਜਿਨ੍ਹਾਂ ਨੇ ਉਹਨਾਂ ਨੂੰ ਆਪਣੀ ਸੇਵਾ ਕਰਨ ਦਾ ਮੌਕਾ ਦਿੱਤਾ

ਹਲਕਾ ਵਿਧਾਇਕ ਅੱਜ ਦਾਣਾ ਮੰਡੀ ਖੰਨਾ ਵਿੱਖੇ, ਆੜਤੀਆਂ, ਮੁਨਿਮਾ,ਮਜਦੂਰਾਂ ਦਾ ਧੰਨਵਾਦ ਕਰਨ ਲਈ ਪਹੁੰਚੇ ਸਨ ਅਤੇ ਨਾਲ ਹੀ ਉਹਨਾ ਨੇ ਹਾੜੀ ਸੀਜਨ ਤੇ ਆੜ੍ਹਤੀਆ ਅਤੇ ਮਜਦੂਰਾਂ ਦੀਆਂ ਸਮੱਸਿਆਵਾ ਸੁਣਿਆ

ਉਹਨਾਂ ਕਿਹਾ ਕਿ ਕਿਸੇ ਵੀ ਰਾਜਨੀਤਕ ਪਾਰਟੀਆਂ ਦੇ ਲੋਕਾਂ ਨੂੰ ਟੈਨਸ਼ਨ ਲੈਣ ਦੀ ਲੋੜ ਨਹੀਂ ਅਰਾਮ ਨਾਲ ਸਿਰਹਾਣੇ ਹੇਠਾਂ ਬਾਂਹ ਰੱਖਕੇ ਸੋਵੋ ਹਾਂ ਅਗਰ ਤੁਸੀਂ ਸਾਡੇ ਵਿਕਾਸ ਦੇ ਕੰਮ ਵਿਚ ਰੋੜੇ ਅਟਕਾਏ ਤਾਂ ਫਿਰ ਜੋ ਜਾਇਜ਼ ਹੋਵੇਗੀ ਉਹ ਕਾਰਵਾਈ ਹੋਵੇਗੀ ਕੋਈ ਮੇਰਾ ਦੰਮ ਨਾ ਪਰਖੇ ਮੰਡੀਆਂ ਦੀਆਂ ਰੌਣਕਾਂ ਕਿੱਥੇ ਗਈਆਂ ਕਿੱਥੇ ਗਿਆ ਆਪਸੀ ਭਾਈਚਾਰਾ

ਇਸ ਅਵਸਰ ਤੇ ਹਰਬੰਸ ਸਿੰਘ ਰੋਸ਼ਾ ਪ੍ਰਧਾਨ ਆੜ੍ਹਤੀਆ ਐਸੋਸੀਏਸ਼ਨ ਖੰਨਾ,ਮਾਰਕੀਟ ਕਮੇਟੀ ਖੰਨਾਂ ਦੇ ਸਕੱਤਰ ਸੁਰਜੀਤ ਸਿੰਘ, ਮਾਰਕੀਟ ਕਮੇਟੀ ਦੇ ਗੁਰਦੀਪ ਸਿੰਘ , ਆਮ ਆਦਮੀ ਪਾਰਟੀ ਦੇ ਕਰਮ ਚੰਦ,ਰਾਜਬੀਰ ਸ਼ਰਮਾ, ਮਹੇਸ਼ ਕੁਮਾਰ,ਲਛਮਣ ਸਿੰਘ ਗਰੇਵਾਲ, ਸੁਖਵਿੰਦਰ ਸਿੰਘ,ਦਿਲਮੇਘ ਸਿੰਘ ਖੱਟੜਾ, ਸੁਖਵਿੰਦਰ ਸੁੱਖੀ ਸਾਬਕਾ ਪ੍ਰਧਾਨ, ਭੁਰਪੁਰ ਚੰਦ ਬੈਕਟਰ ਆਦਿ ਹਾਜਰ ਸਨ।

# 36 ਹਜ਼ਾਰ ਮੁਲਾਜ਼ਮਾਂ ਨੂੰ ਪੱਕੇ ਕਰਨ ਦਾ ਫੈਸਲਾ ਇਤਿਹਾਸਕ ਫੈਸਲਾ : ਹਾਕਮ ਸਿੰਘ ਠੇਕੇਦਾਰ



**ਰਾਏਕੋਟ/ਗੋਗੀ**

ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਵੱਲੋਂ 36 ਹਜ਼ਾਰ ਮੁਲਾਜ਼ਮਾਂ ਨੂੰ ਪੱਕੇ ਕਰਨ ਦੇ ਫੈਸਲਾ ਇਤਿਹਾਸਕ ਫੈਸਲਾ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਹਲਕਾ ਵਿਧਾਇਕ ਹਾਕਮ ਸਿੰਘ ਠੇਕੇਦਾਰ ਤੇ ਸੀਨੀਅਰ ਆਗੂ ਬਿੰਦਰਜੀਤ ਸਿੰਘ ਗਿੱਲ ਨੇ ਸਾਂਝੇ ਤੌਰ ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਇਕ ਮਿਲਣਸਾਰ ਅਤੇ ਇਮਾਨਦਾਰ ਸਖਸ਼ੀਅਤ ਹਨ ਅਤੇ ਉਨ੍ਹਾਂ ਨੇ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੀਆਂ ਸਮੂਹ ਪਾਰਟੀਆਂ ਨੂੰ ਪਹਿਲ ਦੇ ਆਧਾਰ ’ਤੇ ਅਹਿਮੀਅਤ ਦੇ ਕੇ ਸਮੁੱਚੇ ਸਦਨ ਦਾ ਦਿਲ ਜਿੱਤਿਆ ਹੈ। ਉਨ੍ਹਾਂ ਅੱਗੇ ਕਿਹਾ ਕਿ 36 ਹਜ਼ਾਰ ਮੁਲਾਜ਼ਮ ਸਮਾਜ ਦੇ ਹਰ ਵਰਗ ਅਤੇ ਹਰ ਪਾਰਟੀ ਨਾਲ ਸਬੰਧਤ ਹਨ, ਜਿਸ ਨਾਲ ਇਸ ਫੈਸਲੇ ਨਾਲ ਸਮੂਹ ਵਰਗ ਵਿਚ ਖੁਸ਼ੀ ਦੀ ਲਹਿਰ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸਮੂਹ ਪਾਰਟੀਆਂ ਨੂੰ ਨਾਲ ਲੈ ਕੇ ਪ੍ਰਗਤੀਸ਼ੀਲ ਪੰਜਾਬ ਦੀ ਸਥਾਪਨਾ ਕਰਨਗੇ, ਉਨ੍ਹਾਂ ਕਿਹਾ ਕਿ ਆਪ ਦੀ ਸਰਕਾਰ ਬਣਨ ਤੋਂ ਬਾਅਦ ਆਮ ਲੋਕਾਂ ਦੇ ਸਰਕਾਰੀ ਵਿਭਾਗਾਂ ਵਿਚ ਕੰਮ ਸੁਖਾਲੇ ਹੋਣੇ ਸ਼ੁਰੂ ਹੋ ਗਏ ਹਨ ਅਤੇ ਲੋਕਾਂ ਦਾ ਅਫਸਰਸ਼ਾਹੀ ਪ੍ਰਤੀ ਨਜ਼ਰੀਆ ਵੀ ਬਦਲ ਗਿਆ ਹੈ। ਉਨ੍ਹਾਂ ਵੱਲੋਂ ਪੰਜਾਬ ਵਿਚ ਪਨਪ ਰਹੇ ਗੁੰਡਾਰਾਜ ਅਤੇ ਸ਼ਰਾਰਤੀ ਅਨਸਰਾਂ ਨੂੰ ਨੱਥ ਪਾਈ ਜਾ ਰਹੀ ਹੈ, ਜਿਸ ਨਾਲ ਸਮੂਹ ਪੰਜਾਬੀ ਬੇਖੌਂਫ ਹੋ ਕੇ ਆਪਣੀ ਜ਼ਿੰਦਗੀ ਜੀਅ ਸਕਣ ਅਤੇ ਕਾਰੋਬਾਰ ਕਰ ਸਕਣ। ਇਸ ਮੌਕੇ ਰਾਜਦੀਪ ਸਿੰਘ ਆਂਡਲੂ, ਜਗਤਾਰ ਸਿੰਘ (ਤਾਰਾ) ਤਲਵੰਡੀ, ਬਲਵੰਤ ਸਿੰਘ(ਜੰਟਾਂ) ਖੰਗੂੜਾ, ਹਨੀ ਗਿੱਲ ਆਦਿ ਹਾਜ਼ਰ ਸਨ।

# ਸਾਧਾਂਵਾਲਾ ਵਿਖੇ ਹਰ ਸਾਲ ਦੀ ਤਰ੍ਹਾਂ ਮਾਤਾ ਦੇ ਮੰਦਰ ਤੇ ਭਗਤਾਂ ਵੱਲੋਂ ਭੰਡਾਰਾ ਕਰਵਾਇਆ



**ਫ਼ਰੀਦਕੋਟ/ਜਸਵਿੰਦਰ ਬਰਾੜ**
**ਸਾਧਾਂਵਾਲਾ**

ਸਾਧਾਂਵਾਲਾ ਪਿੰਡ ਵਿੱਚ ਬਹੁਤ ਹੀ ਪੁਰਾਣਾ ਜੱਦੀ ਪੁਸ਼ਟੀ ਇੱਕ ਮਾਤਾ ਦਾ ਮੰਦਰ ਬਣਿਆ ਹੋਇਆ ਹੈ ਜਿਸ ਵਿਚ ਪਿੰਡ ਦੀਆਂ ਅਤੇ ਬਾਹਰੋਂ ਸੰਗਤਾਂ ਨਤਮਸਤਕ ਹੁੰਦੀਆਂ ਹਨ ਅਤੇ ਮਾਤਾ ਦੇ ਸ਼ਬਦ ਗਾਇਨ ਕਰ ਕੇ ਆਪਣੇ ਮਨ ਦੀਆਂ ਮਨੋਕਾਮਨਾਵਾਂ ਪੂਰੀਆਂ ਕਰਦੀਆਂ ਹਨ ਇਹ ਮੇਲਾ ਕਾਫ਼ੀ ਲੰਮੇ ਅਰਸੇ ਤੋਂ ਕਰਵਾਇਆ ਜਾਂਦਾ ਹੈ ਇਸ ਸਾਲ ਵੀ ਇਹ ਮਾਤਾ ਦੇ ਭਗਤਾਂ ਵੱਲੋਂ ਭੰਡਾਰਾ ਕਰਵਾਇਆ ਗਿਆ ਜਿਸ ਵਿਚ ਪ੍ਰਸ਼ਾਦ ਪੂਰੀਆਂ ਛੋਲੇ ਭੁਜੀਆ ਬਦਾਣਾ ਚਾਹ ਦਾ ਲੰਗਰ ਸਵੇਰ ਤੋਂ ਲੈ ਕੇ ਸ਼ਾਮ ਤੱਕ ਅਟੁੱਟ ਵਰਤਾਇਆ ਗਿਆ ਸੰਗਤਾਂ ਨੇ ਬਹੁਤ ਦੂਰੋਂ ਦੂਰੋਂ ਤੋਂ ਆ ਕੇ ਇਸ ਮਾਤਾ ਦੇ ਭੰਡਾਰੇ ਵਿੱਚ ਹਾਜ਼ਰੀ ਲਗਵਾਈ ਅਤੇ ਸੰਗਤਾਂ ਨੇ ਪੰਗਤਾਂ ਵਿੱਚ ਬੈਠ ਕੇ ਬਡ ?ੀ ਹੀ ਪ੍ਰੇਮ ਸ਼ਰਧਾ ਨਾਲ ਲੰਗਰ ਛਕਿਆ ਅਤੇ ਸੇਵਾਦਾਰਾਂ ਨੇ ਸਵੇਰ ਤੋਂ ਲੈ ਕੇ ਸ਼ਾਮ ਤੱਕ ਆਪਣੇ ਬੜੇ ਹੀ ਤਨ ਮਨ ਨਾਲ ਸੰਗਤਾਂ ਨੂੰ ਲੰਗਰ ਚਾਹ ਭੁਜੀਏ ਬਦਾਨੇ ਦਾ ਲੰਗਰ ਛਕਾਇਆ ਇਸ ਮੌਕੇ ਜਸਵਿੰਦਰ ਸਿੰਘ ਚੱਕੀ ਵਾਲਿਆਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਾਣਕਾਰੀ ਦਿੱਤੀ ਹੈ ਕਿ ਇਹ ਭੰਡਾਰਾ ਕਾਫ਼ੀ ਸਾਲਾਂ ਤੋਂ ਕਰਵਾਇਆ ਜਾ ਰਿਹਾ ਹੈ ਜੋ ਕਿ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਜਾਂਦਾ ਹੈ ਇਸ ਮੌਕੇ ਬਖਤੌਰ ਸਿੰਘ ਬਲਜਿੰਦਰ ਸਿੰਘ ਸ਼ੀਪਾ ਹੱਟੀ ਵਾਲਾ ਮੱਖਣ ਸਿੰਘ ਸਿੱਧੂ ਗਮਦੂਰ ਸਿੰਘ ਲਾਡੀ ਸਿੱਧੂ ਆਦਿ ਵਿਸ਼ੇਸ਼ ਤੌਰ ਤੇ ਹਾਜ਼ਰ ਸਨ ਇਸ ਮੌਕੇ ਪੱਤਰਕਾਰ ਜਸਵਿੰਦਰ ਸਿੰਘ ਬਰਾੜ ਸਾਧਾਂਵਾਲਾ ਨੇ ਸਮੂਹ ਮਾਤਾ ਦੇ ਭਗਤਾਂ ਨੂੰ ਇਹ ਭੰਡਾਰਾ ਕਰਾਉਣ ਤੇ ਲੱਖ ਲੱਖ ਵਧਾਈ ਦਿੱਤੀ ਅਤੇ ਅੱਗੇ ਤੋਂ ਵੀ ਕਾਮਨਾ ਕੀਤੀ ਕਿ ਮਾਤਾ ਦੇ ਭਗਤ ਇਹ ਭੰਡਾਰਾ ਕਰਵਾਉਂਦੇ ਰਹਿਣ ਇਸ ਮੌਕੇ ਸਮੂਹ ਮਾਤਾ ਦੇ ਭਗਤਾਂ ਵੱਲੋਂ ਆਈਆਂ ਹੋਈਆਂ ਸੰਗਤਾਂ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਅਤੇ ਜੀ ਆਇਆਂ ਆਖਿਆ।

# ਟੀ.ਬੀ. ਦੀ ਬਿਮਾਰੀ ਇਲਾਜਯੋਗ ਹੈ, ਸਮੇਂ ਸਿਰ ਕਰਵਾਓ ਇਲਾਜ਼ - ਸਿਵਲ ਸਰਜਨ ਡਾ.ਐਸ.ਪੀ. ਸਿੰਘ




**ਲੁਧਿਆਣਾ/ਕਰਨ ਅਗਰਵਾਲ, ਸੁਖਚੈਨ ਮਹਿਰਾ**

ਜਿਲਾ ਸਿਹਤ ਸੁਸਾਇਟੀ ਐਨ.ਟੀ.ਈ.ਪੀ. ਲੁਧਿਆਣਾ ਵਲੋ ਮਾਨਯੋਗ ਸਿਵਲ ਸਰਜਨ ਡਾ. ਐਸ.ਪੀ. ਸਿੰਘ ਦੇ ਦਿਸ਼ਾ ਨਿਰਦੇਸ਼ਾ ਅਤੇ ਸਿਵਲ ਹਸਪਤਾਲ ਦੇ ਸੀਨੀਅਰ ਅਫਸਰ ਡਾ. ਅਮਰਜੀਤ ਕੌਰ ਅਤੇ ਜ਼ਿਲ੍ਹਾ ਟੀ.ਬੀ. ਅਫਸਰ ਡਾ. ਅਸੀਸ ਚਾਵਲਾ ਦੇ ਸਹਿਯੋਗ ਨਾਲ ਸਿਵਲ ਹਸਪਤਾਲ ਵਿਚ, ਇਨਵੈਸਟ ਟੂ ਐਂਡ ਟੀ ਬੀ ਸੇਵ ਲਾਈਫਸ, “INVEST TO END TB SAVE LIFES, ਦੇ ਥੀਮ ਹੇਠ ਵਿਸ਼ਵ ਟੀ ਬੀ ਦਿਵਸ ਮਨਾਇਆ ਗਿਆ। ਇਸ ਮੌਕੇ ਸਿਵਲ ਸਰਜਨ ਡਾ.ਐਸ.ਪੀ. ਸਿੰਘ ਵੱਲੋਂ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਗਈ। ਉਨ੍ਹਾਂ ਟੀ.ਬੀ. ਦੀ ਬਿਮਾਰੀ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਰਕਾਰ ਵਲੋ ਟੀ.ਬੀ. ਦੀ ਬਿਮਾਰੀ ਦੀ ਜਾਂਚ/ਇਲਾਜ ਸਰਕਾਰੀ ਹਸਪਤਾਲਾਂ ਵਿਚ ਡਾਟਸ ਪ੍ਰਣਾਲੀ ਤਹਿਤ ਬਿਲਕੁਲ ਮੁਫਤ ਕੀਤਾ ਜਾਂਦਾ ਹੈ। ਉਨਾਂ ਦੱਸਿਆ ਕਿ ਵਿਸ਼ਵ ਭਰ ਵਿਚ 90 ਲੱਖ ਲੋਕਾਂ ਨੂੰ ਹਰ ਸਾਲ ਟੀ.ਬੀ. ਹੁੰਦੀ ਹੈ ਅਤੇ ਭਾਰਤ ਵਿਚ 28 ਲੱਖ ਲੋਕਾਂ ਨੂੰ ਟੀ.ਬੀ. ਹੁੰਦੀ ਹੈ। ਉਨ੍ਹਾਂ ਅੱਗੇ ਦੱਸਿਆ ਕਿ ਦੋ ਹਫਤਿਆ ਤੋ ਪੁਰਾਣੀ ਖੰਘ, ਬੁਖਾਰ, ਬਲਗਮ ਵਿਚ ਖ਼ੂਨ ਆਉਣਾ, ਭਾਰ ਘਟਣਾ ਅਤੇ ਰਾਤ ਨੂੰ ਪਸੀਨਾ ਆਉਣਾ ਟੀ.ਬੀ. ਦੇ ਲੱਛਣ ਹੋ ਸਕਦੇ ਹਨ ਅਤੇ ਮਰੀਜ਼ ਨੂੰ ਤੁਰੰਤ ਨੇੜੇ ਦੇ ਸਰਕਾਰੀ ਹਸਪਤਾਲਾਂ ਵਿਚ ਜਾ ਕੇ ਆਪਣੀ ਜਾਂਚ ਕਰਵਾਉਣੀ ਚਾਹੀਦੀ ਹੈ। ਜੇਕਰ ਉਸਨੂੰ ਟੀ.ਬੀ. ਹੋਵੇ ਤਾਂ ਡਾਟਸ ਪ੍ਰਣਾਲੀ ਰਾਹੀ ਉਸ ਦਾ ਇਲਾਜ ਮੁਫ਼ਤ ਕਰਵਾਉਣਾ ਚਾਹੀਦਾ ਹੈ ਤਾਂ ਜ਼ੋ ਟੀ.ਬੀ. ਦੀ ਬਿਮਾਰੀ ਤੋ ਛੁਟਕਾਰਾ ਮਿਲ ਸਕੇ।ਉਨਾ ਕਿਹਾ ਕਿ ਟੀ ਬੀ ਲਾਇਲਾਜ ਨਹੀ ਹੈ। ਇਸ ਮੌਕੇ ਜ਼ਿਲ੍ਹਾ ਟੀ.ਬੀ. ਅਫ਼ਸਰ ਡਾ.ਆਸੀਸ ਚਾਵਲਾ ਨੇ ਦੱਸਿਆ ਕਿ ਜ਼ਿਲ੍ਹਾ ਲੁਧਿਆਣਾ ਵਿਚ 16 ਟੀ.ਬੀ. ਯੂਨਿਟ, 34 ਮਾਇਕਰੋਸਕੋਪੀ ਸੈਂਟਰ ਅਤੇ 650 ਡਾਟਸ ਸੈਟਰ ਹਨ। ਸਾਲ 2021 ਵਿਚ 11430 ਮਰੀਜ਼ ਨੂੰ ਇਲਾਜ ਤੇ ਪਾਇਆ ਗਿਆ ਅਤੇ 176 ਮਰੀਜਾਂ ਮਲਟੀ ਡਰੱਗ ਰਜਿਸਟੈਂਟ ਅਧੀਨ ਇਲਾਜ ਤੇ ਚੱਲ ਰਹੇ ਹਨ।ਜ਼ਿਲ੍ਹਾ ਲੁਧਿਆਣਾ ਵਿਚ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਵੱਖ-ਵੱਖ ਗੈਰ-ਸਰਕਾਰੀ ਸੰਗਠਨ (ਐਨ.ਜੀ.ਓ.) ਟੀ.ਬੀ. ਦੇ ਖਾਤਮੇ ਲਈ ਕੰਮ ਕਰ ਰਹੀਆਂ ਹਨ ਜਿਸ ਵਿਚ ਐਲ.ਟੀ.ਬੀ. ਆਈ.ਜੀ. ਪ੍ਰੋਜੈਕਟ, ਅਲਰਟ ਇੰਡੀਆ, ਵਲਡ ਵਿਜ਼ਨ ਇੰਡੀਆ, ਅਪੋਲੋ ਟਾਇਰ ਫਾਊਡੇਸ਼ਨ ਕੰਮ ਕਰ ਰਹੀਆਂ ਹਨ।

# ਬਾਲ-ਕਹਾਣੀ : ਲਾਲਚੀ ਗੋਪਾਲ


ਇੱਕ ਵਾਰ ਦੀ ਗੱਲ ਹੈ ਇੱਕ ਸ਼ਹਿਰ ਵਿੱਚ ਗੋਪਾਲ ਨਾਂ ਦਾ ਆਦਮੀ ਰਹਿੰਦਾ ਸੀ। ਉਹ ਬਹੁਤ ਲਾਲਚੀ ਸੀ। ਉਹ ਮੁਰਗੀਆਂ ਵੇਚਣ ਦਾ ਕੰਮ ਕਰਦਾ ਸੀ। ਉਹ ਸਾਰਿਆਂ ਨਾਲ ਲੜਾਈ - ਝਗੜਾ ਕਰਦਾ ਅਤੇ ਦੂਜਿਆਂ ਨੂੰ ਤੰਗ - ਪ੍ਰੇਸ਼ਾਨ ਵੀ ਕਰਦਾ ਰਹਿੰਦਾ। ਇੱਕ ਦਿਨ ਉਹ ਆਪਣੇ ਘਰ ਨੂੰ ਜਾ ਰਿਹਾ ਸੀ। ਫਿਰ ਉਸਨੂੰ ਇੱਕ ਦੁਕਾਨ ਦਿਖਾਈ ਦਿੱਤੀ।ਉਸ ਵਿੱਚ ਦਸ ਮੁਰਗੀਆਂ ਸਨ। ਉਸਨੇ ਸੋਚਿਆ ਕਿਉਂ ਨਾ ਮੈਂ ਇੱਕ ਮੁਰਗੀ ਦੀ ਚੋਰੀ ਕਰ ਲਵਾਂ। ਉਸ ਨੇ ਇੱਕ ਮੁਰਗੀ ਚੁਰਾ ਲਈ ਅਤੇ ਆਪਣੀ ਦੁਕਾਨ ’ਤੇ ਲੈ ਗਿਆ। ਉਸ ਨੇ ਸੋਚਿਆ ਕਿ ਹੁਣ ਮੈਂ ਹਰ ਰੋਜ਼ ਰਾਤ ਨੂੰ ਮੁਰਗੀਆਂ ਚੁਰਾ ਲਿਆ ਕਰਾਂਗਾ। ਦੁਬਾਰਾ ਫਿਰ ਰਾਤ ਹੋ ਗਈ। ਉਹ ਫੇਰ ਮੁਰਗੀ ਚੁਰਾਉਣ ਲਈ ਚਲਾ ਗਿਆ। ਉਹ ਵਾਰ - ਵਾਰ ਇਸੇ ਤਰ੍ਹਾਂ ਲੋਕਾਂ ਦੀਆਂ ਮੁਰਗੀਆਂ ਚੁਰਾਉਂਦਾ। ਇੱਕ ਦਿਨ ਇੱਕ ਵਿਅਕਤੀ ਨੂੰ ਉਸ ’ਤੇ ਸ਼ੱਕ ਹੋ ਗਿਆ। ਜਦੋਂ ਉਸ ਦੀਆਂ ਮੁਰਗੀਆਂ ਚੋਰੀ ਹੋ ਰਹੀਆਂ ਸਨ ਤਾਂ ਉਸ ਨੂੰ ਉਸ ’ਤੇ ਸ਼ੱਕ ਹੋ ਗਿਆ। ਉਹ ਰਾਤ ਨੂੰ ਜਾਗ ਕੇ ਬੈਠ ਗਿਆ। ਜਿਵੇਂ ਹੀ ਗੋਪਾਲ ਉਸੇ ਘਰ ਮੁਰਗੀ ਚੋਰੀ ਕਰਨ ਦਵਾਰਾ ਫਿਰ ਆਇਆ ਤਾਂ ਉਸ ਨੇ ਗੋਪਾਲ ਨੂੰ ਪਕੜ ਲਿਆ ਅਤੇ ਪੁਲਿਸ ਦੇ ਹਵਾਲੇ ਕਰ ਦਿੱਤਾ।ਹੁਣ ਗੋਪਾਲ ਆਪਣੀ ਗ਼ਲਤੀ ’ਤੇ ਪਛਤਾ ਰਿਹਾ ਸੀ। ਉਹ ਸੋਚ ਰਿਹਾ ਸੀ ਕਿ ਮੈਂ ਲਾਲਚ ਵਿੱਚ ਆ ਕੇ ਕਿਉਂ ਮੁਰਗੀਆਂ ਚੋਰੀ ਕੀਤੀਆਂ ?



ਸਿੱਖਿਆ : ਇਸ ਕਹਾਣੀ ਤੋਂ ਸਾਨੂੰ ਸਿੱਖਿਆ ਮਿਲਦੀ ਹੈ ਕਿ ਸਾਨੂੰ ਨਾ ਤਾਂ ਲਾਲਚ ਕਰਨਾ ਚਾਹੀਦਾ ਅਤੇ ਨਾ ਹੀ ਕਿਸੇ ਚੀਜ਼ ਦੀ ਚੋਰੀ ਕਰਨੀ ਚਾਹੀਦੀ ਹੈ।ਬੁਰੇ ਕੰਮ ਦਾ ਬੁਰਾ ਹੀ ਨਤੀਜਾ ਹੁੰਦਾ ਹੈ।

ਜਸਪ੍ਰੀਤ ਕੌਰ , ਜਮਾਤ : ਤੀਸਰੀ , ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ , ਸਿੱਖਿਆ ਬਲਾਕ : ਸ੍ਰੀ ਅਨੰਦਪੁਰ ਸਾਹਿਬ , ਜ਼ਿਲ੍ਹਾ : ਰੁਪਨਗਰ ( ਪੰਜਾਬ )

ਗਾਈਡ ਅਧਿਆਪਕ : ਮਾਸਟਰ ਸੰਜੀਵ ਧਰਮਾਣੀ



# ਸ਼ਹੀਦ ਭਗਤ ਸਿੰਘ ਦੀ ਸ਼ਹੀਦੀ ਨੂੰ ਸਮਰਪਿਤ ਭਾਸ਼ਾ ਵਿਭਾਗ ਵੱਲੋਂ ਕਰਵਾਏ ਵੱਖ-ਵੱਖ ਮੁਕਾਬਲੇ



**ਫਾਜ਼ਿਲਕਾ/ਗੌਰਵ ਸ਼ਰਮਾ**

ਆਜਾਦੀ ਕਾ ਅਮ੍ਰਿਤ ਮਹਾਉਤਸਵ ਦੀ ਲੜੀ ਤਹਿਤ ਸ਼ਹੀਦ ਭਗਤ ਸਿੰਘ ਦੀ ਸ਼ਹੀਦੀ ਨੂੰ ਸਮਰਪਿਤ ਭਾਸ਼ਾ ਵਿਭਾਗ ਵੱਲੋਂ ਐਮ.ਆਰ. ਕਾਲਜ ਵਿਖੇ ਪ੍ਰੋਗਰਾਮ ਕਰਵਾਇਆ ਗਿਆ। ਜਿਸ ਵਿਚ ਭਾਸ਼ਣ ਪ੍ਰਤੀਯੋਗਤਾ, ਕਵਿਤਾ ਲੇਖਨ, ਕਵਿਤਾ ਉਚਾਰਨ, ਗੀਤ ਮੁਕਾਬਲੇ ਕਰਵਾਏ ਗਏ। ਭਾਸ਼ਣ ਪ੍ਰਤੀਯੋਗਤਾ ਵਿਚ ਵਿਨੋਦ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਕਵਿਤਾ ਲੇਖਣ ਮੁਕਾਬਲੇ ਵਿਚ ਅਮਨਦੀਪ ਕੌਰ ਨੇ ਪਹਿਲਾ, ਜ਼ਸਪ੍ਰੀਤ ਕੌਰ ਨੇ ਦੂਸਰਾ ਅਤੇ ਸਿਮਰਨ ਕੌਰ ਤੇ ਜਗਰੂਪ ਸਿੰਘ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਇਹ ਜਾਣਕਾਰੀ ਜ਼ਿਲ੍ਹਾ ਭਾਸ਼ਾ ਅਫਸਰ ਭੁਪਿੰਦਰ ਉਤਰੇਜਾ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਕਵਿਤਾ ਉਚਾਰਨ ਮੁਕਾਬਲੇ ਵਿਚ ਜਸਪ੍ਰੀਤ ਕੌਰ ਨੇ ਪਹਿਲਾ, ਨਵਪ੍ਰੀਤ ਕੌਰ ਤੇ ਸਿਮਰਨ ਕੌਰ ਨੇ ਦੂਜਾ ਅਤੇ ਵਿਨੋਦ ਕੁਮਾਰ ਤੇ ਪੰਕਜ ਕੁਮਾਰ ਨੇ ਤੀਸਰਾ ਸਥਾਨ ਹਾਸਲ ਕੀਤਾ।ਉਨ੍ਹਾਂ ਦੱਸਿਆ ਕਿ ਗੀਤ ਮੁਕਾਬਲੇ ਵਿਚ ਲਵਜੀਤ ਸਿੰਘ ਨੇ ਪਹਿਲਾ, ਸ਼ਿਵਮ ਨੇ ਦੂਸਰਾ ਤੇ ਸਿਮਰਨ ਤੇ ਜ਼ਸਪ੍ਰੀਤ ਕੌਰ ਨੇ ਤੀਸਰਾ ਸਥਾਨ ਹਾਸਲ ਕੀਤਾ। ਇਹ ਪ੍ਰੋਗਰਾਮ ਪ੍ਰਿੰਸੀਪਲ ਗੁਰਪ੍ਰੀਤ ਕੌਰ, ਖੋਜ਼ ਅਫਸਰ ਪਰਮਿੰਦਰ ਰੰਧਾਵਾ, ਜਿਲ੍ਹਾ ਨੋਡਲ ਅਫਸਰ ਸ਼ੇਰ ਸਿੰਘ ਸੰਧੂ, ਸਰਪ੍ਰਸਤ ਪ੍ਰਵੀਨ ਰਾਣੀ, ਮੰਚ ਸੰਚਾਲਕ ਵੀਰਪਾਲ ਕੌਰ ਦੀ ਦੇਖ-ਰੇਖ ਹੇਠ ਹੋਇਆ। ਇਸ ਮੌਕੇ ਅੰਸ਼ੂ ਸ਼ਰਮਾ, ਸੌਰਵ, ਪ੍ਰਵੇਸ਼ ਸ਼ਰਮਾ, ਰਿੰਕਲ, ਦਿਵਯਾ, ਸ਼ਮਸ਼ੇਰ ਸਿੰਘ, ਤਲਵਿੰਦਰ ਸਿੰਘ, ਉਨੀਕਾ ਕੰਬੋਜ਼, ਗੁਰਜਿੰਦਰ ਕੌਰ, ਈਸ਼ਾ, ਵਰੀਨਾ, ਪ੍ਰਿਯਾ, ਦੀਕਸ਼ਾ, ਮੋਨਿਕਾ, ਵਿਸ਼ਨੂ ਨਰਾਇਣ ਤੇ ਸਤਵੰਤ ਕਾਹਲੋ ਹਾਜਰ ਸਨ।

# ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਜਿਲ੍ਹਾ ਪਟਿਆਲਾ ਦੀ ਮੀਟਿੰਗ ਹੋਈ

**ਮੋਗਾ,ਫਤਹਿਗੜ੍ਹ ਪੰਜਤੂਰ/ਦਵਿੰਦਰ ਸਿੰਘ ਬਿੱਟੂ ਸਹੋਤਾ**:- ਪੰਜਾਬ ਦੇ ਹਰਮਨ ਪਿਆਰੇ ਆਪ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ 23 ਮਾਰਚ ਸ਼ਹੀਦੇ ਏ ਆਜ਼ਮ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ਮੌਕੇ ਉਨ੍ਹਾਂ ਦੇ ਜੱਦੀ ਪਿੰਡ ਖਟਕੜ ਕਲਾਂ ਵਿਖੇ ਪਹੁੰਚ ਕੇ ਜਿੱਥੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਗਈ।



ਉਥੇ ਹੀ ਸੂਬੇ ਨੂੰ ਘੁਣ ਵਾਂਗ ਖਾ ਰਿਹਾ ਭ੍ਰਿਸ਼ਟਾਚਾਰ ਨੂੰ ਵੀ ਖਤਮ ਕਰਨ ਲਈ ਹੈਲਪਲਾਈਨ ਨੰਬਰ 9501200200 ਜਾਰੀ ਕਰਕੇ ਜਿੱਥੇ ਸੂਬੇ ਦੇ ਲੋਕਾਂ ਨੂੰ ਵੱਡੀ ਰਾਹਤ ਦਿੱਤੀ ਉਥੇ ਹੀ ਭ੍ਰਿਸ਼ਟਾਚਾਰ ਦੀ ਦਲ - ਦਲ ਵਿਚ ਫਸੇ ਭ੍ਰਿਸ਼ਟ ਅਫ਼ਸਰਾਂ ਅਤੇ ਕਰਮਚਾਰੀਆਂ ਨੂੰ ਵੀ ਯਾਦ ਕਰਾ ਦਿੱਤਾ , ਕਿ ਹੁਣ ਇਮਾਨਦਾਰੀ ਅਤੇ ਨਿਰਪੱਖ ਸੋਚ ਨਾਲ ਕੰਮ ਕਰਨ ਦੀ ਲੋੜ ਹੈ । ਨਹੀਂ ਤਾਂ ਆਮ ਆਦਮੀ ਦੀ ਸਰਕਾਰ ਬਖ਼ਸ਼ੇਗੀ ਨਹੀਂ , ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਆਪ ਦੇ ਸੀਨੀਅਰ ਆਗੂ ਸਿਮਰਨਜੀਤ ਸਿੰਘ ਰਾਮਗੜ੍ਹ ਧਰਮਜੀਤ ਸਿੰਘ ਫਤਿਹਗੜ੍ਹ ਪੰਜਤੂਰ ਅਤੇ ਸੁਖਵੀਰ ਸਿੰਘ ਮੰਜੇਵਾਲਾ ਨੇ ਪ੍ਰੈੱਸ ਨਾਲ ਸਾਂਝੇ ਕੀਤੇ । ਉਨ੍ਹਾਂ ਇਹ ਵੀ ਕਿਹਾ ਕਿ ਇਸ ਹੈਲਪਲਾਈਨ ਨੰਬਰ ਰਾਹੀਂ ਹਰ ਇਨਸਾਨ ਆਪਣੀ ਸ਼ਿਕਾਇਤ ਕਰ ਸਕਦਾ ਹੈ ਅਤੇ ਇਸੇ ਨੰਬਰ ਉੱਪਰ ਆਡੀਓ ਰਾਹੀਂ ਜਾਂ ਫਿਰ ਵੀਡੀਓ ਬਣਾ ਕੇ ਵੀ ਭੇਜ ਸਕਦਾ ਹੈ । ਜਿਸ ਤੇ ਪੰਜਾਬ ਸਰਕਾਰ ਤੁਰੰਤ ਐਕਸ਼ਨ ਕਰੇਗੀ , ਤੇ ਸ਼ਿਕਾਇਤ ਕਰਤਾ ਦਾ ਨਾਮ ਗੁਪਤ ਰਹਿ ਸਕਦਾ ਹੈ । ਉਨ੍ਹਾਂ ਇਹ ਵੀ ਕਿਹਾ ਕਿ ਸੂਬੇ ਚੋਂ ਰਿਸ਼ਵਤਖੋਰੀ ਨੂੰ ਖ਼ਤਮ ਕਰਨਾ ਸੂਬੇ ਦੇ ਸਮੂਹ ਲੋਕਾਂ ਦਾ ਹੱਕ ਹੈ । ਇਸ ਲਈ ਸਾਨੂੰ ਪੰਜਾਬ ਸਰਕਾਰ ਦੀ ਵੱਧ ਤੋਂ ਵੱਧ ਮਦਦ ਕਰਨੀ ਚਾਹੀਦੀ ਹੈ ਜਿਸ ਨਾਲ ਸੂਬੇ ਦਾ ਸਰਬਪੱਖੀ ਵਿਕਾਸ ਹੋਵੇ ।

# ਸ਼ਾਂਤੀ ਦੇਵੀ ਕਾਲਜ ਦੀ ਸਪੋਰਟਸ ਮੀਟ ਚ ਮਿਸ ਆਰਤੀ ਬਣੀ ਬੈਸਟ ਐਥਲੀਟ



**ਦੀਨਾਨਗਰ/ਡਾ.ਰਮੇਸ਼ ਸਰੰਗਲ**

ਸਥਾਨਕ ਸ਼ਾਂਤੀ ਦੇਵੀ ਆਰੀਆ ਮਹਿਲਾ ਕਾਲਜ ਦੀ ਸਲਾਨਾ @ਸਪੋਰਟਸ ਮੀਟ ਕਾਲਜ ਦੀ ਗਰਾਊਂਡ ਵਿੱਚ ਕਰਵਾਈ ਗਈ, ਜਿਸ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ( ਸਪੋਰਟਸ ਡਾਇਰੈਕਟਰ ਤੇ ਫਿਜ਼ੀਕਲ ਐਜੂਕੇਸ਼ਨ ਵਿਭਾਗ ਮੁਖੀ ਤੇ ਪ੍ਰੋਫੈਸਰ ਗ; ਸੁਖਦੇਵ ਸਿੰਘ ਨੇ ਮੁੱਖ ਅਧਿਆਨ ਵਜੋਂ ਸ਼ਿਰਕਤ ਕੀਤੀ ਜੱਦੋਂਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਡਾ ਅਮਨਦੀਪ ਸਿੰਘ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਕਾਲਜ ਮੈਨੇਜਿੰਗ ਕਮੇਟੀ ਦੇ ਪ੍ਰਧਾਨ ਸਵਾਮੀ ਸਦਾਨੰਦ ਸਰਸਵਤੀ, ਸੈਕਟਰੀ ਧਰਮਇੰਦੂ ਗੁਪਤਾ, ਪ੍ਰਿੰ: ਡਾ ਰੀਨਾ ਤਲਵਾੜ ਅਨਿਲ ਗੁਪਤਾ, ਸ੍ਰੀਮਤੀ ਨਮਿਤਾ ਗੁਪਤਾ ਅਤੇ ਸ਼੍ਰੀਮਤੀ ਅੰਜੂ ਗੁਪਤਾ ਨੇ ਮੁਖ ਮਹਿਮਾਨ ਅਤੇ ਵਿਸ਼ੇਸ਼ ਮਹਿਮਾਨ ਦਾ ਗੁਲਦਸਤੇ ਦੇ ਕੇ ਸਵਾਗਤ ਕੀਤਾ । ਕਾਲਜ ਪ੍ਰਿੰ ਡਾ ਰੀਨਾ ਤਲਵਾੜ ਨੇ ਆਏ ਹੋਏ ਮਹਿਮਾਨਾਂ ਦੇ ਮਾਣ ਵਿੱਚ ਸਵਾਗਤੀ ਸ਼ਬਦ ਕਹੇ ਅਤੇ ਸਪੋਰਟਸ ਦੀ ਮਹੱਤਤਾ ਬਾਰੇ ਬੋਲਦਿਆਂ ਹੋਇਆਂ ਕਿਹਾ ਕਿ ਖੇਡਾਂ ਦਾ ਮਨੁੱਖੀ ਜ਼ਿੰਦਗੀ ਵਿੱਚ ਵਿਸ਼ੇਸ਼ ਮਹੱਤਵ ਹੈ। ਮੁੱਖ ਮਹਿਮਾਨ ਡਾ: ਸੁਖਦੇਵ ਸਿੰਘ ਨੇ ਕਿਹਾ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਖਿਡਾਰੀਆਂ ਦਾ ਬਹੁਤ ਸਤਿਕਾਰ ਕਰਦੀ ਹੈ ਅਤੇ ਉੱਤਮ ਦਰਜੇ ਦ ਖਿਡਰੀਆਂ ਵਾਸਤੇ ਵਿਸ਼ੇਸ਼ ਕੋਰਸਾਂ ਲਈ ਰਾਖਵੀਆਂ ਸੀਟਾਂ ਹਨ। ਉਨ੍ਹਾਂ ਕਾਲਜ ਦੁਆਰਾ ਕਰਵਾਈ ਗਈ ਇਸ ਸਪੋਰਟਸ ਮੀਟ ਦੀ ਸਰਾਹਨਾ ਕਰਦਿਆਂ ਹੋਇਆਂ ਵਧਾਈ ਦਿੱਤੀ । ਇਸ ਮੌਕੇ ਕਰਵਾਏ ਗਏ ਮੁਕਾਬਲਿਆਂ ਵਿੱਚ 400 ਮੀਟਰ ਦੌੜ ਵਿੱਚ ਆਰਤੀ ਨੇ ਪਹਿਲਾ , ਤਾਨੀਆ ਨੇ ਦੂਸਰਾ ਅਤੇ ਰਿਤਿਕਾ ਨੇ ਤੀਸਰਾ ਸਥਾਨ ਹਾਸਲ ਕੀਤਾ ਅਤੇ ਹੋਰ ਵੀ ਵੱਖ ਵੱਖ ਮੁਕਾਬਲਿਆਂ ਚ ਵਿਦਿਆਰਥੀਆਂ ਨੇ ਆਪਣੇ ਜੋਹਰ ਦਿਖਾਏ। ਇਸ ਪੂਰੀ ਸਪੋਰਟਸ ਮੀਟ ਵਿਚ ਪੰਜਾਬੀ ਵਿਭਾਗ ਦੀ ਐਮ ਏ ਵਿਦਿਆਰਥਣ ਆਰਤੀ ਨੇ 8 ਇਨਾਮ ਹਾਸਲ ਕਰਕੇ ਬੈਸਟ ਐਥਲੀਟ ਚੁਣੀ ਗਈ। ਇਸ ਮੌਕੇ ਤੇ ਮੁੱਖ ਮਹਿਮਾਨ ਵੱਲੋ ਜੇਤੂ ਰਹੀਆਂ ਵਿਦਿਆਰਥਣਾਂ ਨੂੰ ਸਨਮਾਨਿਤ ਕੀਤਾ ਅਤੇ ਕਾਲਜ ਪ੍ਰਬੰਧਕਾਂ ਵਲੋਂ ਆਏ ਹੋਏ ਮਹਿਮਾਨਾਂ ਨੂੰ ਯਾਦਗਾਰੀ ਚਿੰਨ੍ਹ ਦੇ ਸਨਮਾਨਿਤ ਕੀਤਾ ਗਿਆ। ਇਸ ਸਪੋਰਟਸ ਮੀਟ ਵਿਚ ਕਾਲਜ ਦਾ ਸਮੂਹ ਸਟਾਫ ਅਤੇ ਵਿਦਿਆਰਥਣਾਂ ਹਾਜਰ ਸੀ। ਸਟੇਜ ਦਾ ਸੰਚਾਲਨ ਡਾ ਪੂਨਮ ਮਹਾਜਨ ਅਤੇ ਨੀਨੂ ਸ਼ਰਮਾ ਨੇ ਕੀਤਾ। ਇਸ ਮੌਕੇ ਤੇ ਪ੍ਰਿੰਸੀਪਲ ਉਪਮਾ ਮਹਾਜਨ, ਨਵਲ ਮਹਾਜਨ, ਸੱਤ ਪਾਲ, ਭਾਰਤ ਇੰਦੂ ਓਹਰੀ, ਮੈਡਮ ਰਣਦੀਪ, ਡਾ ਰਮਨਦੀਪ, ਪ੍ਰਵੀਨ, ਏਕਤਾ, ਮੈਡਮ ਰਮਾ ਅਤੇ ਮਮਤਾ ਆਦਿ ਹਾਜ਼ਰ ਸਨ।

# ਜਿਲ੍ਹਾ ਟੀ ਬੀ ਸੈਂਟਰ ਗੁਰਦਾਸਪੁਰ ਵਰਲਡ ਟੀ ਬੀ ਦਿਵਸ ਮਨਾਇਆ



**ਗੁਰਦਾਸਪੁਰ/ਨਵਨੀਤ ਕੁਮਾਰ**

ਸਿਵਲ ਸਰਜਨ ਗੁਰਦਾਸਪੁਰ ਡਾ; ਵਿਜੇ ਕੁਮਾਰ ਦੇ ਦਿਸ਼ਾਂ -ਨਿਰਦੇਸ਼ਾਂ ਤੇ ਤੰਦਰੁਸ਼ਤ ਮਿਸ਼ਨ ਦੇ ਤਹਿਤ ਅੱਜ ਮਿਤੀ 24 ਮਾਰਚ 2022 ਨੂੰ ਜਿਲ੍ਹਾ ਟੀ ਬੀ ਸੈਂਟਰ ਗੁਰਦਾਸਪੁਰ ਵਿਖੇ ਵਰਲਡ ਟੀ ਬੀ ਦਿਵਸ ਮਨਾਇਆ ਗਿਆ । ਜਿਸ ਦੇ ਸਬੰਧ ਵਿੱਚ ਪੁਰਾਣਾ ਸਿਵਲ ਹਸਪਤਾਲ ਗੁਰਦਾਸਪੁਰ ਤੋ ਰੈਲੀ ਕੱਢੀ ਗਈ ਜਿਸ ਨੂੰ ਸਿਵਲ ਸਰਜਨ ਗੁਰਦਾਸਪੁਰ ਡਾ; ਵਿਜੇ ਕੁਮਾਰ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ । ਜਿਸ ਵਿੱਚ ਡਾ; ਰਮੇਸ਼ ਕੁਮਾਰ ਜਿਲ੍ਹਾ ਟੀ. ਬੀ ਅਸਫਰ ਸਮੇਤ ਟੀ. ਬੀ . ਕਲੀਨਿਕ ਦੇ ਸਮੂੰਹ ਸਟਾਫ ਅਤੇ ਏ .ਐਨ. ਐਮ ਵਿਦਿਆਰਥਣਾ ਨੇ ਹਿੱਸਾ ਲਿਆ । ਜਿਸ ਵਿੱਚ ਟੀ ਬੀ ਹਾਰੇਗਾ ਦੇਸ਼ ਜਿੱਤੇਗਾ, ਦੇ ਨਾਰੇ ਹੇਠ ਜਨ ਅੰਦੋਲਨ ਦੀ ਸੁਰੂਆਤ ਕੀਤੀ ਗਈ । ਇਸ ਵਿੱਚ ਡਾ; ਰਮੇਸ਼ ਕੁਮਾਰ ਜਿਲ੍ਹਾ ਟੀ ਬੀ ਅਫਸਰ ਵੱਲੋ ਟੀ ਬੀ ਦੀ ਬਿਮਾਰੀ ਅਤੇ ਉਸ ਦੇ ਲੱਛਣ ਜਿਵੇ ਦੋ ਹਫਤੇ ਤੋ ਜਿਆਦਾ ਖਾਂਸੀ, ਮਿੰਨਾ -ਮਿੰਨਾਂ ਬੁਖਾਰ , ਰਾਤ ਨੂੰ ਤਰੇਲੀਆ ਆਉਣਾ , ਭੁੱਖ ਨਾ ਲਗਣਾ ਅਤੇ ਵਜਨ ਘੱਟਦੇ ਜਾਣ ਬਾਰੇ ਦੱਸਿਆ ਗਿਆ ।

ਘੱਟ Immunity ਵਾਲੇ ਜਿਵੇ ਕਿ ਐਚ .ਆਈ ਵੀ , ਬੀ .ਪੀ., ਸੂਗਰ ਲੰਬੇ ਸਮੇ ਤੋ ਚੱਲ ਰਹੀ ਬੀਮਾਰੀ , ਖੂਨ ਦੀ ਘਾਟ , ਗਰਭਵਤੀ ਇਸਤਰੀ , ਨਸ਼ਾ ਕਰਨ ਵਾਲੇ ਆਦਿ ਨੂੰ ਇਹ ਬਿਮਾਰੀ ਜਲਦੀ ਹੋ ਸਕਦੀ ਹੈ । ਉਹਨਾਂ ਨੇ ਦੱਸਿਆ ਕਿ ਮਰੀਜ ਦੇ ਬਲਗਮ ਦੀ ਜਾਂਚ 32©11" ਅਤੇ "♣"©11" ਰਾਹੀ ਮੁਫਤ ਕੀਤੀ ਜਾਂਦੀ ਹੈ ਅਤੇ ਟੀ. ਬੀ. ਦੇ ਸਾਰੇ ਟੈਸਟ ਮੁਫਤ ਕੀਤੇ ਜਾਂਦੇ ਹਨ । ਟੀ ਬੀ ਦੇ ਲੱਛਣ ਮਿਲਣ ਤੇ ਬਲਗਮ ਦੀ ਜਾਂਚ ਸਰਕਾਰੀ ਸਿਹਤ ਕੇਦਰਾਂ ਅਤੇ ਸਿਵਲ ਹਸਪਤਾਲ ਬਟਾਲਾ , ਟੀ ਬੀ ਕਲੀਨਿਕ ਗੁਰਦਾਸਪੁਰ ਵਿਖੇ ਮੁਫਤ ਕੀਤੀ ਜਾਂਦੀ ਹੈ । ਟੀ ਬੀ ਦਾ ਮਰੀਜ ਲਭਣ ਤੇ ਉਸ ਦਾ ਇਲਾਜ ਸਿਹਤ ਅਧਿਕਾਰੀਆਂ/ ਕਰਮਚਾਰੀਆਂ ਦੀ ਨਿਗਰਾਹੀ ਹੇਠ ਘਰ ਵਿੱਚ ਮੁਫਤ ਕੀਤਾ ਜਾਂਦਾ ਹੈ । ਇਸ ਤੋ ਇਲਾਵਾ ਟੀ. ਬੀ. ਦੇ ਮਰੀਜ ਨੇ ਜਿੰਨੀ ਦੇਰ ਦਵਾਈ ਖਾਣੀ ਹੈ ਨਾਲ ਹੀ ਉਸਦੇ ਸੰਪਰਕ ਵਿੱਚ ਆਉਣ ਵਾਲੇ ਪਰਿਵਾਰਕ ਮੈਬਰਾਂ ਨੂੰ T B Preventive Treatment ਦਿੱਤੀ ਜਾਦੀ ਹੈ ਤਾਂ ਜੋ ਉਨ੍ਹਾ ਨੂੰ ਵੀ ਟੀ ਬੀ ਤੋ ਬਚਾਇਆ ਜਾ ਸਕੇ ਉਹਨਾਂ ਟੀ . ਬੀ . ਦੀ ਬਿਮਾਰੀ ਲਈ ਸਰਕਾਰ ਵੱਲੋ ਦਿੱਤੀਆਂ ਵਿਸੇਸ਼ ਸਹੂਲਤਾ ਨਿਕਸੇ ਪੋਸ਼ਣ ਸਕੀਮ ਅਧੀਨ ਟੀ. ਬੀ. ਮਰੀਜ ਨੂੰ ਪੌਸਟਿਕ ਆਹਾਰ ਲਈ ਕੋਰਸ ਪੂਰਾ ਹੋਣ ਤੱਕ 500/- ਰੁਪਏ ਪ੍ਰਤੀ ਮਹੀਨਾ ਪੰਜਾਬ ਸਰਕਾਰ ਵੱਲੋ ਦਿੱਤਾ ਜਾ ਰਿਹਾ ਹੈ । ਇਸ ਮੌਕੇ ਸਹਾਇਕ ਸਿਵਲ ਸਰਜਨ ਡਾ; ਭਾਰਤ ਭੂਸ਼ਣ , ਜਿਲ੍ਹਾ ਟੀਕਾਕਰਣ ਅਫਸਰ ਡਾ; ਅਰਵਿੰਦ ਕੁਮਾਰ , ਜਿਲ੍ਹਾ ਐਪੀਡੀਮਾਲੇਜਿਸਟ ਡਾ; ਪ੍ਰਭਜੋਤ ਕਲਸੀ ,ਮੈਡੀਕਲ ਅਫਸਰ ਡਾ; ਅੰਕੂਰ , ਫਾਰਮੇਸੀ ਅਫਸਰ ਬਲਜੀਤ ਕੌਰ , ਮਾਸ ਮੀਡੀਆ ਅਫਸਰ ਗੁਰਿੰਦਰ ਕੌਰ ਸਾਮਲ ਸਨ ।

# ਵਿਧਾਇਕ ਬਣਦੀਆਂ ਹੀ ਜਗਦੀਪ ਗੋਲਡੀ ਆਏ ਐਕਸ਼ਨ ਵਿਚ

**ਜਲਾਲਾਬਾਦ/ਗੌਰਵ ਸ਼ਰਮਾ**:- ਹਲਕਾ ਜਲਾਲਾਬਾਦ ਤੋਂ ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਅੱਜ ਜਲਾਲਾਬਾਦ ਦੇ ਐਸ ਡੀ ਐਮ ਦਫ਼ਤਰ ਵਿਖੇ ਸਾਰੇ ਸਰਕਾਰੀ ਮੁਲਾਜ਼ਮਾਂ ਨਾਲ ਇਕ ਖਾਸ ਬੈਠਕ ਕੀਤੀ ਜਿਸ ਵਿੱਚ ਹਲਕਾ ਜਲਾਲਾਬਾਦ ਦੀਆਂ ਚੱਲ ਰਹੀਆਂ ਸਮੱਸਿਆਵਾਂ ਬਾਰੇ ਚਰਚਾ ਕੀਤੀ । ਇਸ ਮੌਕੇ



ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਸਾਰੇ ਮੁਲਾਜ਼ਮਾਂ ਨੂੰ ਜਲਾਲਾਬਾਦ ਦੇ ਵਿਕਾਸ ਦੇ ਲਈ ਇੱਕ ਜੁੱਟ ਹੋ ਕੇ ਕੰਮ ਕਰਨ ਦੀ ਅਪੀਲ ਕੀਤੀ । ਇਸ ਮੌਕੇ ਤੇ ਵਿਧਾਇਕ ਜਗਦੀਪ ਕੰਬੋਜ ਗੋਲਡੀ ਦੇ ਨਾਲ ਮੁਲਾਜ਼ਮ ਵਰਗ ਅਤੇ ਆਮ ਆਦਮੀ ਪਾਰਟੀ ਦੇ ਕਈ ਲੀਡਰ ਮੁੱਖ ਰੂਪ ਵਿੱਚ ਹਾਜ਼ਰ ਰਹੇ !

ਅਦਾਰਾ 'ਲੋਕ ਬਾਣੀ' ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ,ਪੁਸ਼ਟੀ ਕਰ ਲੈਣ। -ਸੰਪਾਦਕ

Daily Lok Bani (Punjabi) R.N.I. Punpun 29016,2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) , Contect No. : 0181-2211009, Fax : 2211009 , Email Id : lokbani08@gmail.com ,

**ਮਾਮਲਾ ਪਿੰਡ ਅਨੈਤਪੁਰਾ ਵਿਖੇ ਹੋਏ ਜ਼ਿਮੀਂਦਾਰ ਅਤੇ ਗੁੱਜਰ ਭਾਈਚਾਰੇ ਦੀ ਖ਼ੂਨੀ ਝੜਪ ਦਾ**

# ਗੁਰੂਦੁਆਰਾ ਬਾਬਾ ਬੁੱਢਾ ਸਾਹਿਬ ਵਿਖੇ ਵੱਖ ਵੱਖ ਯੂਨੀਅਨਾਂ ਦੇ ਆਗੂਆਂ ਦੀ ਕਿਸਾਨਾਂ ਨਾਲ ਮੀਟਿੰਗ



**ਅੰਮ੍ਰਿਤਸਰ/ਰਾਜਾ ਕੋਟਲੀ**

ਬੀਤੇ ਦਿਨੀਂ ਪਿੰਡ ਅਨੈਤਪੁਰਾ ਵਿਖੇ ਪਿੰਡ ਦੇ ਜ਼ਿਮੀਂਦਾਰ ਤੇ ਗੁੱਜਰ ਭਾਈਚਾਰੇ ਦੇ ਲੋਕਾਂ ਵਿਚ ਹੋਏ ਝਗੜੇ ਦੌਰਾਨ ਦੋ ਗੁੱਜਰ ਸੁਮਸ਼ੂਦੀਨ ਅਤੇ ਅਲੀ ਦੀ ਮੌਤ ਹੋਣ ਤੋਂ ਬਾਅਦ ਪਿੰਡ ਵਿਚ ਅੱਜ ਵੀ ਜਿਉਂ ਦਾ ਤਿਉਂ ਹੈ ਸਮੁੱਚਾ ਪਿੰਡ ਪੁਲੀਸ ਛਾਉਣੀ ਵਿੱਚ ਤਬਦੀਲ ਹੋਇਆ ਹੈ ਕਤਲਾਂ ਤੋਂ ਬਾਅਦ ਪਿੰਡ ਦੇ ਲਗਪਗ ਸਾਰੇ ਜ਼ਿਮੀਂਦਾਰ ਪਿੰਡ ਚ ਛੱਡ ਕੇ ਕਿਧਰੇ ਹੋਰ ਜਾ ਚੁੱਕੇ ਹਨ ਤੇ ਉਨ੍ਹਾਂ ਦੇ ਪਸ਼ੂ ਆਦਿ ਭੁੱਖ ਨਾਲ ਵਿਲਕ ਰਹੇ ਹਨ। ਇਸੇ ਸਬੰਧ ਵਿਚ ਅੱਜ ਗੁਰਦੁਆਰਾ ਬਾਬਾ ਬੁੱਢਾ ਸਾਹਿਬ ਚੇਤਨਪੁਰਾ ਵਿਸ਼ੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਸੱਦੇ ਤੇ ਕਿਸਾਨ ਸੰਘਰਸ਼ ਕਮੇਟੀ ਕੋਟਬੁੱਢਾ ਕਿਰਤੀ ਕਿਸਾਨ ਯੂਨੀਅਨ ਪੰਜਾਬ ਅਤੇ ਜਮਹੂਰੀ ਕਿਸਾਨ ਸਭਾ ਪੰਜਾਬ ਦੇ ਆਗੂਆਂ ਨੇ ਸੱਦੇ ਤੇ ਪਿੰਡ ਦੇ ਕਿਸਾਨਾਂ ਜ਼ਿਮੀਂਦਾਰਾਂ ਨਾਲ ਹੋ ਰਹੀ ਧੱਕੇਸ਼ਾਹੀ ਵਿਰੁੱਧ ਵਿਸ਼ਾਲ ਇਕੱਠ ਕੀਤਾ ਗਿਆ ਜਿਸ ਵਿਚ ਕਰੀਬ ਪੰਜ ਸੌ ਕਿਸਾਨਾਂ ਨੇ ਹਿੱਸਾ ਲਿਆ ਇਸ ਮੌਕੇ ਕਿਸਾਨ ਆਗੂਆਂ ਨਾਲ ਇਸ ਮਸਲੇ ਤੇ ਗੱਲਬਾਤ ਕਰਨ ਲਈ ਉਚੇਚੇ ਤੌਰ ਤੇ ਸ਼੍ਰੀ ਮਨੋਜ ਕੁਮਾਰ ਠਾਕੁਰ ਐੱਸ ਪੀ ਇਨਵੈਸਟੀਗੇਸ਼ਨ ਮਜੀਠਾ ਪਹੁੰਚੇ ਤੇ ਕਿਸਾਨਾਂ ਨੂੰ ਵਿਸ਼ਵਾਸ ਦਿਵਾਇਆ ਕਿ ਕਿਸੇ ਨਾਲ ਵੀ ਬੇਇਨਸਾਫੀ ਨਹੀਂ ਕੀਤੀ ਜਾਵੇਗੀ ਸਾਡੇ ਵੱਲੋਂ ਪੂਰੀ ਜਾਂਚ ਕਰਨ ਉਪਰੰਤ ਹੀ ਅਗਲੇਰੀ ਕਾਰਵਾਈ ਕੀਤੀ ਜਾਵੇਗੀ ਅਤੇ ਜੋ ਕਿਸਾਨ ਡਰ ਕਾਰਨ ਘਰਾਂ ਤੋਂ ਬਾਹਰ ਗਏ ਹਨ ਉਹ ਅੱਜ ਸ਼ਾਮ ਤਕ ਵਾਪਸ ਆਪੋ ਆਪਣੇ ਘਰ ਪਰਤ ਆਉਣਗੇ ਦੂਜੇ ਪਾਸੇ ਕਤਲ ਹੋਏ ਗੁੱਜਰਾਂ ਦੇ ਪਰਿਵਾਰਕ ਮੈਂਬਰਾਂ ਵੱਲੋਂ ਦੋਸ਼ੀਆਂ ਨੂੰ ਜਲਦ ਗ੍ਰਿਫਤਾਰ ਕਰਨ ਦੀ ਮੰਗ ਕੀਤੀ।ਇਸ ਮੌਕੇ ਪਲਵਿੰਦਰ ਸਿੰਘ ਮਾਹਲ ਕਿਸਾਨ ਆਗੂ, ਕਰਮਜੀਤ ਸਿੰਘ ਨੰਗਲੀ, ਡਾ ਪਰਮਿੰਦਰ ਸਿੰਘ, ਅਨਮੋਲ ਸਿੰਘ ਕੰਦੋਵਾਲੀ, ਰਾਜਵਿੰਦਰ ਸਿੰਘ ਨਾਗ, ਗੁਰਮੇਜ ਸਿੰਘ ਥਰੀਏਵਾਲ, ਸਤਿਆਵਰਣਜੀਤ ਸਿੰਘ ਕੰਦੋਵਾਲੀ,ਉਹ ਦੋ ਕੋਠੀਆਂ ਚ ਸੁਖਪਾਲ ਸਿੰਘ ਸਰਪੰਚ ਕੰਦੋਵਾਲੀ, ਸਰਪੰਚ ਸਤਪਾਲ ਸਿੰਘ ਮੱਝੂਪੁਰਾ, ਸਾਬਕਾ ਸਰਪੰਚ ਸੁਖਦੇਵ ਸਿੰਘ ਸੰਤੂਨੰਗਲ, ਸੁਖਦੇਵ ਸਿੰਘ ਸਾਬਕਾ ਸਰਪੰਚ ਸੰਤੂਨੰਗਲ, ਸਾਹਿਬ ਸਿੰਘ ਮਾਛੀਨੰਗਲ, ਅਜੀਤ ਸਿੰਘ ਮੱਝੂਪੁਰਾ, ਕੁਲਜੀਤ ਸਿੰਘ ਕੰਦੋਵਾਲੀ, ਮਨਬੀਰ ਸਿੰਘ ਮਾਛੀਨੰਗਲ, ਜਸਪਾਲ ਸਿੰਘ ਨੰਬਰਦਾਰ, ਗਿਆਨ ਸਿੰਘ ਫੌਜੀ, ਹਰਪਾਲ ਸਿੰਘ ਪ੍ਰਧਾਨ, ਗੁਰਮੀਤ ਸਿੰਘ ਚੇਤਨਪੁਰਾ, ਸੁੱਚਾ ਸਿੰਘ ਮਾਛੀਨੰਗਲ, ਕਾਬਲ ਸਿੰਘ, ਮਨਿੰਦਰ ਸਿੰਘ, ਅਮਰਜੀਤ ਸਿੰਘ, ਮਨਜਿੰਦਰ ਸਿੰਘ, ਪਰਲਾਦ ਸਿੰਘ ਸੰਗਤਪੁਰਾ, ਦਲਬੀਰ ਸਿੰਘ ਕੁੱਕ, ਬਿਕਰਮਜੀਤ ਸਿੰਘ ਮਾਛੀਨੰਗਲ, ਬਲਦੇਵ ਸਿੰਘ, ਸੁਖਦੇਵ ਸਿੰਘ, ਮਨਜੀਤ ਸਿੰਘ, ਸਤਨਾਮ ਸਿੰਘ ਸਰਪੰਚ ਨਵੇਂ ਨਾਗ, ਨਿਰਮਲ ਸਿੰਘ ਸਾਬਕਾ ਸਰਪੰਚ ਨਵੇਂ ਨਾਗ, ਜਗਦੀਪ ਸਿੰਘ ਜੱਗੀ, ਬਿੱਟੂ ਭੋਮਾਂ, ਗੁਰਮੀਤ ਸਿੰਘ ਭੋਮਾ, ਨਵਤੇਜ ਸਿੰਘ ਭੋਮਾਂ, ਗੋਲਡੀ ਭੋਮਾ, ਸ਼ੇਰਾ ਭੋਮਾ, ਟੋਨੀ ਦਾਦੂਪੁਰਾ ਆਦਿ ਹਾਜਰ ਸਨ।

# ਪਿੰਡ ਭਗਵਾਨਪੁਰਾ ਵਿਖੇ ਵਿਕਾਸ ਕਾਰਜ ਸ਼ੁਰੂ



**ਭਿੱਖੀਵਿੰਡ/ਖਾਲੜਾ/ਲੋਕ ਬਾਣੀ**

ਹਲਕਾ ਖੇਮਕਰਨ ਦੇ ਅਧੀਨ ਪੈਂਦੇ ਪਿੰਡ ਭਗਵਾਨਪੁਰਾ ਵਿੱਖੇ ਅੱਜ 400 ਫੁੱਟ ਪਾਈਪ ਲਾਈਨ ਦਾ ਕੰਮ ਸ਼ੁਰੂ ਕੀਤਾ ਗਿਆ ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਰੇਸ਼ਮ ਸਿੰਘ ਭਗਵਾਨ ਪੁਰਾ ਨੇ ਕਿਹਾ ਕਿ ਹਲਕਾ ਵਿਧਾਇਕ ਸਰਵਨ ਸਿੰਘ ਧੁੰਨ ਵੱਲੋਂ ਜੋ ਮਾਣ ਸਨਮਾਨ ਪਾਰਟੀ ਵਿੱਚ ਮੈਨੂੰ ਬਖ਼ਸ਼ਿਆ ਹੈ ਅਤੇ ਜਿਸ ਤਰ੍ਹਾਂ ਦੀ ਜਿੰਮੇਵਾਰੀ ਪਿੰਡ ਪ੍ਰਤੀ ਮੈਨੂੰ ਦੇਣਗੇ ਮੈਂ ਉਸ ਨੂੰ ਆਪਣੀ ਜ਼ੁੰਮੇਵਾਰੀ ਸਮਝ ਕੇ ਕਰੇਗਾ ਉਨ੍ਹਾਂ ਕਿਹਾ ਕਿ ਪਿੰਡ ਵਿੱਚ ਅੱਜ ਜੋ ਕੰਮ ਸ਼ੁਰੂ ਕੀਤਾ ਗਿਆ ਹੈ ਇਹ ਕੰਮ ਦੀ ਪਿੰਡ ਵਾਸੀਆਂ ਦੀ ਲੰਮੇਂ ਸਮੇਂ ਤੋਂ ਮੰਗ ਸੀ ਅਤੇ ਜਦੋਂ ਬਰਸਾਤ ਹੁੰਦੀ ਸੀ ਤਾਂ ਪਿੰਡ ਵਿੱਚੋਂ ਲੰਘਣਾ ਮੁਸ਼ਕਲ ਹੋ ਜਾਂਦਾ ਸੀ ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਵਰਕਰਾਂ ਅਤੇ ਪੂਰੀ ਮੈਂਬਰ ਪੰਚਾਇਤ ਪਿੰਡ ਵਾਸੀ ਹਲਕਾ ਵਿਧਾਇਕ ਸਰਵਨ ਸਿੰਘ ਧੁੰਨ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਨ ਉਨ੍ਹਾਂ ਕਿਹਾ ਕਿ ਜੋ ਕੰਮ ਅਧੂਰੇ ਹਨ ਉਹ ਵੀ ਬਹੁਤ ਜਲਦੀ ਚਾਲੂ ਕਰਵਾ ਦਿੱਤੇ ਜਾਣਗੇ ਇਸ ਮੌਕੇ ਅਵਤਾਰ ਸਿੰਘ ਸੁੱਖਾ ਸਿੰਘ ਬਾਜ ਸਿੰਘ ਜਗਜੀਤ ਸਿੰਘ ਚੱਕੀਵਾਲੇ ਬਾਬਾ ਰਮਨੀਕ ਸਿੰਘ ਚਮਕੋਰ ਸਿੰਘ ਧਾਲੀਵਾਲ ਪ੍ਰਗਟ ਸਿੰਘ ਫੋਜੀ ਅਜੀਤ ਸਿੰਘ ਨੰਬਰਦਾਰ ਰਣਜੀਤ ਸਿੰਘ ਘੀਮ ਭਗਵਾਨ ਸਿੰਘ ਫੌਜੀ ਸਤਨਾਮ ਸਿੰਘ ਬਲਵਿੰਦਰ ਸਿੰਘ ਬਿੱਟੂ ਸਿੰਘ ਸਰਪੰਚ ਜਗਪ੍ਰੀਤ ਸਿੰਘ ਮੈਬਰ ਪੰਚਾਇਤ ਗੁਰਮੇਜ ਸਿੰਘ ਮੈਂਬਰ ਪੰਚਾਇਤ ਆਦਿ ਹਾਜ਼ਰ ਸਨ।

# ਡਿਪਟੀ ਕਮਿਸ਼ਨਰ ਫਾਜ਼ਿਲਕਾ ਨੇ ਸਮੂਹ ਦੁਕਾਨਦਾਰਾਂ ਨੂੰ ਕੂੜਾ ਬਾਹਰ ਨਾ ਸੁੱਟਣ ਦੀ ਕੀਤੀ ਅਪੀਲ



**ਫਾਜ਼ਿਲਕਾ/ਗੌਰਵ ਸ਼ਰਮਾ**

ਡਿਪਟੀ ਕਮਿਸ਼ਨਰ ਫਾਜ਼ਿਲਕਾ ਸ੍ਰੀਮਤੀ ਬਬੀਤਾ ਕਲੇਰ ਆਈ.ਏ. ਐਸ. ਨੇ ਫਾਜ਼ਿਲਕਾ ਜ਼ਿਲ੍ਹੇ ਦੇ ਸਮੂਹ ਦੁਕਾਨਦਾਰਾਂ ਨੂੰ ਆਪਣਾ ਕੂੜਾ ਬਾਹਰ ਨਾ ਸੁੱਟਣ ਦੀ ਕੀਤੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਦੁਕਾਨਦਾਰ ਨਗਰ ਕੌਂਸਲ ਵੱਲੋਂ ਨਿਰਧਾਰਤ ਕੀਤੀ ਥਾਂ ਉਪਰ ਹੀ ਕੂੜਾ ਸੁੱਟਣ। ਉਨ੍ਹਾਂ ਕਿਹਾ ਕਿ ਜੋ ਦੁਕਾਨਦਾਰ ਆਪਣਾ ਕੂੜਾ ਦੁਕਾਨ ਦੇ ਬਾਹਰ ਸੜਕ ਤੇ ਸੁੱਟੇਗਾ ਉਸ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇਗੀ।

ਇਸ ਤੋਂ ਇਲਾਵਾ ਉਨ੍ਹਾਂ ਨੇ ਜ਼ਿਲ੍ਹਾ ਵਾਸੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਘਰਾਂ ਦਾ ਕੂੜਾ ਬਾਹਰ ਖੁੱਲ੍ਹੇ ਵਿੱਚ ਨਾ ਸੁੱਟਣ ਅਤੇ ਆਪਣੇ ਘਰਾਂ ਵਿੱਚ ਸੁੱਕੇ ਅਤੇ ਗਿੱਲੇ ਕੂੜੇ ਦੇ ਵੱਖ-ਵੱਖ ਬਾਕਸ ਲਗਾਉਣ।

# ਆਜ਼ਾਦੀ ਦੇ ਮਹਾਨਾਇਕ ਸਨ ਭਗਤ ਸਿੰਘ,ਰਾਜਗੁਰੂ ਤੇ ਸੁਖਦੇਵ, ਰਿੰਪੀ ਸ਼ਰਮਾ

**ਭਾਜਪਾ ਮਹਿਲਾ ਮੋਰਚਾ ਨੇ ਦਿੱਤੀ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨੂੰ ਸ਼ਰਧਾਂਜਲੀ**




**ਕਪੂਰਥਲਾ/ਪਰਮਜੀਤ ਸੰਨੀ**

ਭਾਜਪਾ ਮਹਿਲਾ ਮੋਰਚਾ ਕਪੂਰਥਲਾ ਇਕਾਈ ਨੇ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਵਸ ਦੇ ਮੌਕੇ ਤੇ ਸ਼ਹੀਦ ਭਗਤ ਸਿੰਘ,ਰਾਜਗੁਰੂ ਤੇ ਸੁਖਦੇਵ ਨੂੰ ਸ਼ਰਧਾਂਜਲੀ ਭੇਂਟ ਕੀਤੀ।ਮੰਦਿਰ ਧਰਮ ਸਭਾ ਵਿਖੇ ਆਯੋਜਿਤ ਪ੍ਰੋਗਰਾਮ ਦੀ ਪ੍ਰਧਾਨਗੀ ਭਾਜਪਾ ਮਹਿਲਾ ਮੋਰਚਾ ਦੀ ਮੰਡਲ ਪ੍ਰਧਾਨ ਆਭਾ ਸ਼ਰਮਾ ਨੇ ਕੀਤੀ।ਇਸ ਪ੍ਰੋਗਰਾਮ ਵਿਚ ਸਾਬਕਾ ਚੇਅਰਮੈਨ ਅਤੇ ਭਾਜਪਾ ਜ਼ਿਲ੍ਹਾ ਉਪਪ੍ਰਧਾਨ ਰਣਜੀਤ ਸਿੰਘ ਖੋਜੇਵਾਲ ਵਿਸ਼ੇਸ਼ ਤੌਰ ਤੇ ਮੌਜੂਦ ਹੋਏ।ਪ੍ਰੋਗਰਾਮ ਨੂੰ ਸੰਬੋਧਨ ਕਰਦੇ ਹੋਏ ਭਾਜਪਾ ਜ਼ਿਲਾ ਸਕੱਤਰ ਰਿੰਪੀ ਸ਼ਰਮਾ ਨੇ ਕਿਹਾ ਕਿ ਭਗਤ ਸਿੰਘ,ਰਾਜਗੁਰੂ ਅਤੇ ਸੁਖਦੇਵ ਆਜ਼ਾਦੀ ਦੇ ਮਹਾਨਾਇਕ ਸਨ।ਇਨ੍ਹਾਂ ਤਿੰਨਾਂ ਕ੍ਰਾਂਤੀਵਾਦੀ ਨੇਤਾਵਾਂ ਨੇ ਦੇਸ਼ ਦੀ ਆਜ਼ਾਦੀ ਲਈ ਦੇਸ਼ ਦੇ ਯੁਵਾਵਾਂ ਨੂੰ ਜਗਾਉਣ ਦਾ ਕੰਮ ਕੀਤਾ ਸੀ। ਉਨ੍ਹਾਂਨੇ ਕਿਹਾ ਕਿ ਤਿੰਨਾਂ ਕ੍ਰਾਂਤੀਵਾਦੀ ਨੇਤਾਵਾਂ ਨੇ ਬ੍ਰਿਟਿਸ਼ ਸ਼ਾਸਨ ਦੇ ਖਿਲਾਫ ਐਸੰਬਲੀ ਵਿੱਚ ਬੰਬ ਸੁੱਟਕੇ ਅੰਗਰੇਜਾਂ ਦੇ ਅੰਦਰ ਡਰ ਦਾ ਮਾਹੌਲ ਪੈਦਾ ਕਰਣ ਦਾ ਕੰਮ ਕੀਤਾ ਸੀ।ਪਰ ਭਾਰਤ ਦੇ ਕ੍ਰਾਂਤੀਵਾਦੀ ਨੇਤਾਵਾਂ ਦੇ ਡਰ ਤੋਂ ਅੰਗਰੇਜ਼ੀ ਸਰਕਾਰ ਨੇ 23 ਮਾਰਚ 1931 ਨੂੰ ਭਗਤ ਸਿੰਘ,ਰਾਜਗੁਰੂ,ਸੁਖਦੇਵ ਨੂੰ ਫ਼ਾਂਸੀ ਦੀ ਸੱਜਾ ਦੇ ਦਿੱਤੀ,ਜਦੋਂ ਕਿ ਅਦਾਲਤ ਨੇ 24 ਮਾਰਚ 1931 ਨੂੰ ਫ਼ਾਂਸੀ ਦੀ ਸੱਜਾ ਦੀ ਤਰੀਕ ਤੈਅ ਕੀਤੀ ਸੀ।ਇਨ੍ਹਾਂ ਤਿੰਨਾਂ ਕ੍ਰਾਂਤੀਵਾਦੀ ਨੇਤਾਵਾਂ ਤੇ ਅੰਗਰੇਜ਼ ਅਫਸਰ ਸਾਂਡਰਸ ਦੀ ਹੱਤਿਆ ਦਾ ਇਲਜ਼ਾਮ ਸੀ ਪਰ ਭਗਤ ਸਿੰਘ,ਰਾਜਗੁਰੂ ਅਤੇ ਸੁਖਦੇਵ ਨੇ ਆਜ਼ਾਦੀ ਲਈ ਜੋ ਚਿੰਗਾਰੀ ਛੇੜ ਦਿੱਤੀ ਸੀ।ਉਸਦੇ ਡਰ ਤੋਂ ਅੰਗਰੇਜ਼ੀ ਸਰਕਾਰ ਨੇ ਇੱਕ ਦਿਨ ਪਹਿਲਾਂ ਫ਼ਾਂਸੀ ਦੇ ਦਿੱਤੀ।ਕ੍ਰਾਂਤੀਵਾਦੀ ਨੇਤਾਵਾਂ ਦੀ ਘਟਨਾ ਤੋਂ ਪ੍ਰੇਰਿਤ ਹੋਕੇ ਭਾਰਤ ਦੇ ਰਾਸ਼ਟਰਵਾਦੀ ਯੁਵਾਵਾਂ ਨੇ ਚਿੰਗਾਰੀ ਨੂੰ ਅੱਗ ਬਣਾਉਣ ਦਾ ਕੰਮ ਕੀਤਾ ਸੀ।ਰਿੰਪੀ ਸ਼ਰਮਾ ਨੇ ਕਿਹਾ ਕਿ ਯੁਵਾਵਾਂ ਨੇ ਦੇਸ਼ ਦੇ ਅਜ਼ਾਦੀ ਅੰਦੋਲਨ ਨਾਲ ਜੁੱੜਕੇ ਦੇਸ਼ ਨੂੰ ਆਜ਼ਾਦ ਕਰਾਉਣ ਦਾ ਕੰਮ ਕੀਤਾ।ਉਨ੍ਹਾਂਨੇ ਕਿਹਾ ਕਿ ਦੇਸ਼ ਨੂੰ ਆਜ਼ਾਦ ਕਰਾਉਣ ਵਿੱਚ ਗਰਮ ਦਲ ਦਾ ਅਹਿਮ ਯੋਗਦਾਨ ਰਿਹਾ ਹੈ।ਦੇਸ਼ ਵਿੱਚ ਯੁਵਾਵਾਂ ਨੇ ਕ੍ਰਾਂਤੀਵਾਦੀ ਨੇਤਾਵਾਂ ਦੇ ਪਦਚੀਨਾ ਤੇ ਚਲਕੇ ਦੇਸ਼ ਨੂੰ ਆਜ਼ਾਦ ਕਰਾਇਆ।ਕਿਹਾ ਕਿ ਆਜ਼ਾਦੀ ਦਵਾਉਣ ਵਿੱਚ ਯੁਵਾਵਾਂ ਦੀ ਅਹਿਮ ਭੂਮਿਕਾ ਰਹੀ ਹੈ,ਕ੍ਰਾਂਤੀਵਾਦੀ ਨੇਤਾਵਾਂ ਦੇ ਡਰ ਦੇ ਕਾਰਨ ਅੰਗਰੇਜ਼ ਭਾਰਤ ਛੱਡਕੇ ਭੱਜਣ ਨੂੰ ਮਜਬੂਰ ਹੋਏ।ਰਿੰਪੀ ਸ਼ਰਮਾ ਨੇ ਕਿਹਾ ਕਿ ਬ੍ਰਿਟਿਸ਼ ਸਰਕਾਰ ਨੇ ਆਜ਼ਾਦੀ ਦੇ ਮਹਾਨਾਇਕ ਭਗਤ ਸਿੰਘ,ਰਾਜਗੁਰੂ ਅਤੇ ਸੁਖਦੇਵ ਨੂੰ ਸਾਰੇ ਨਿਯਮਾਂ ਨੂੰ ਦਰਕਿਨਾਰ ਕਰਕੇ ਇੱਕ ਰਾਤ ਪਹਿਲਾਂ ਹੀ ਤਿੰਨਾਂ ਕ੍ਰਾਂਤੀਵਾਦੀ ਨੇਤਾਵਾਂ ਨੂੰ ਲਾਹੌਰ ਦੀ ਸੈਂਟਰਲ ਜੇਲ੍ਹ ਵਿੱਚ ਫ਼ਾਂਸੀ ਦੇ ਦਿੱਤੀ ਸੀ।ਇਸਤੋਂ ਦੇਸ਼ ਦੇ ਯੁਵਾਵਾਂ ਦੇ ਅੰਦਰ ਕ੍ਰਾਂਤੀ ਦੀ ਅੱਗ ਭੜਕ ਉੱਠੀ ਸੀ।

# ਮਾਣ ਧੀਆਂ ’ਤੇ ਸੰਸਥਾ ਵੱਲੋਂ ਸਨਮਾਨ ਸਮਾਂਰੋਹ ਕੱਲ




**ਅੰਮ੍ਰਿਤਸਰ/ਨੇਹਾ ਗਿੱਲ**

ਜ਼ਿਲ੍ਹੇ ਦੇ ਸਕੂਲ ਮੁੱਖੀਆਂ,ਸਮਾਜ ਸੇਵੀਆ ਅਤੇ ਹੋਰ ਪ੍ਰਸਿੱਧ ਸਖ਼ਸ਼ੀਅਤਾਂ ਨੂੰ ਇੱਕ ਮੰਚ ਤੇ ਖੜੇ ਕਰਕੇ,ਭਰੂਣ ਹੱਤਿਆ ਖਿਲਾਫ ਹਾਅ ਦਾ ਨਾਅਰਾ ਮਾਰਣ ਸਦਕਾ ਅਤੇ ਸਮਾਜ ਸੇਵਾ ਦੇ ਖੇਤਰ ’ਚਵਿਲੱਖਣ ਪਛਾਣ ਬਣਾ ਕੇ ਇੰਡੀਆ ਬੁੱਕ ਵਿੱਚ ਨਾਂਅ ਦਰਜ ਕਰਵਾਉਣ ਤੋਂ ਇਲਾਵਾ ਕਈ ਕੌਮੀਂ, ਰਾਜ ਅਤੇ ਜ਼ਿਲ੍ਹਾ ਪੱਧਰੀ ਐਵਾਰਡ ਪ੍ਰਾਪਤ ਕਰਨ ਵਾਲੀ ਅੰਮ੍ਰਿਤਸਰ ਦੀ ਨਾਮਵਰ ਸਮਾਜ ਸੇਵੀ ਸੰਸਥਾਂ ÷ਮਾਣ ਧੀਆਂ ’ਤੇ ਸਮਾਜ ਭਲਾਈ ਸੁਸਾਇਟੀ (ਰਜਿ) ਅੰਮ੍ਰਿਤਸਰ ਵਲੋਂ 26 ਮਾਰਚ (ਸ਼ਨੀਵਾਰ) ਵਿਰਸਾ ਵਿਹਾਰ ਗਾਂਧੀ ਗਰਾਊਂਡ ਦੇ ਕਰਤਾਰ ਸਿੰਘ ਦੁੱਗਲ ਹਾਲ ਵਿਖ਼ੇ ਕਰਵਾਏ ਜਾ ਰਹੇ ਆਪਣੇ ਸਾਲਾਨਾ ਸਨਮਾਨ ਸਮਾਂਰੋਹ ਅਤੇ 10ਵੇਂ ਸਥਾਪਨਾ ਦਿਵਸ ਮੌਕੇ ਵਿਦਿਆ ਦੇ ਖੇਤਰ ਵਿਚ ਅਹਿਮ ਯੋਗਦਾਨ ਪਾਉਣ ਵਾਲੇ 50 ਸਕੂਲ ਮੁੱਖੀਆਂ ਸਮੇਤ 100 ਮਰਦਾਂ ਅਤੇ ਔਰਤਾਂ ਨੂੰ ਵੱਖ-ਵੱਖ ਖੇਤਰਾਂ ਵਿੱਚ ਵਿਲੱਖਣ ਪ੍ਰਾਪਤੀਆਂ ਕਰਨ ਸਦਕਾ ਸਨਮਾਨਿਤ ਕੀਤਾ ਜਾਵੇਗਾ ⬇ ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਸੋਸਾਇਟੀ ਦੇ ਪ੍ਰਧਾਨ ਗੁਰਿੰਦਰ ਸਿੰਘ ਮੱਟੂ (ਇੰਡੀਆ ਬੁੱਕ ਰਿਕਾਰਡ ਹੋਲਡਰ), ਡਾਇਰੈਕਟਰ ਅੰਜਨਾ ਸੇਠ, ਹਰਦੇਸ ਸ਼ਰਮਾ, ਕੰਵਲਜੀਤ ਕੌਰ ਟੀਨਾ ਅਤੇ ਕਰਮਜੀਤ ਕੌਰ ਨੇ ਸਾਂਝੇ ਤੌਰ ਤੇ ਜਾਣਕਾਰੀ ਦਿੰਦਿਆਂ ਕਿਹਾ ਸਾਰੀਆਂ ਤਿਆਰੀਆਂ ਮੁਕੰਮਲ ਹੋ ਗਈਆ ਹਨ ⬇ ਸਨਮਾਨਯੋਗ ਸਖ਼ਸ਼ੀਅਤਾਂ ਨੂੰ ਸੱਦਾ ਪੱਤਰ ਬੇਜੇ ਜਾ ਚੁੱਕੇ ਹਨ।

ਸ਼ੁੱਕਰਵਾਰ, 25 ਮਾਰਚ 2022

Website : www.lokbani.com
lokbani08@gmail.com

# ਮ੍ਰਿਤਕ ਆਸ਼ਰਤ ਸੰਘਰਸ਼ ਕਮੇਟੀ ਬਿਜਲੀ ਬੋਰਡ ਦੀਆਂ ਹੱਕੀ ਮੰਗਾਂ ਮੰਨੀਆਂ ਜਾਣ



**ਜੰਡਿਆਲਾ ਗੁਰੂ/ਜਸਪਾਲ ਸ਼ਰਮਾ**

ਮ੍ਰਿਤਕ ਆਸ਼ਰਤ ਸੰਘਰਸ ਕਮੇਟੀ ਪੰਜਾਬ ਪੰਜਾਬ ਰਾਜ ਬਿਜਲੀ ਬੋਰਡ ਦੇ ਮ੍ਰਿਤਕ ਕਰਮਚਾਰੀਆਂ ਦੇ ਬੱਚਿਆਂ ਨੂੰ 2002 ਵਿੱਚ ਤਰਸ ਦੇ ਅਧਾਰ ਤੇ ਬਣਦੀ ਨੌਕਰੀ ਨੂੰ ਬੰਦ ਕੀਤਾ ਗਿਆ ਉਸ ਤੋਂ ਬਾਅਦ 2004 ਵਿੱਚ ਲਾਗੂ ਹੋਈ ਹੱਕ ਵਿਰੋਧੀ ਨੀਤੀ ਤਹਿਤ ਮੀਮੋ ਨੰਬਰ 166263/162033ਮਿਤੀ 23/11/2004 ਸਾਨੂੰ ਪਿਛਲੇ ਲੰਮੇ ਸਮੇਂ ਤੋਂ ਤਰਸ ਦੇ ਆਧਾਰ ਤੇ ਬਣਦੀ ਨੌਕਰੀ ਦੇ ਹੱਕਾਂ ਤੋਂ ਲਾਂਭੇ ਕਰ ਦਿੱਤਾ ਗਿਆ। ਤੇ 1981 ਦੇ ਕੇਸਾਂ ਨੂੰ ਪੰਜਾਬ ਪੰਜਾਬ ਰਾਜ ਬਿਜਲੀ ਬੋਰਡ ਦੀ ਤਰਸ ਦੇ ਆਧਾਰ ਤੇ ਬਣਦੀ ਨੌਕਰੀ ਦੇ ਸਾਰੇ ਕੇਸਾਂ ਨੂੰ 2004 ਹਾਕਮ ਵਿਰੋਧੀ ਨੀਤੀ ਤਹਿਤ ਸਲੇਸ਼ੀਅਮ ਦੇ ਅਧੀਨ ਕਰ ਦਿੱਤਾ ਗਿਆ, ਜਿਸ ਵਿੱਚ ਯੂਨੀਅਨ ਦੇ ਬਹੁਤ ਪੁਰਾਣੇ ਸਾਥੀਆਂ ਪਿਛਲੇ ਪੰਦਰਾਂ ਸਾਲਾਂ ਤੋਂ ਨੌਕਰੀ ਦੀ ਆਸ ਵਿੱਚ ਜ਼ਿਆਦਾ ਉਮਰ ਦੇ ਹੋ ਗਏ ਹਨ ਬਹੁਤ ਸਾਥੀਆਂ ਦੇ ਪਾਵਰਕੌਮ ਦੇ ਪੱਕੇ ਵਰਕਰ ਨੂੰ ਡਿਊਟੀ ਦੌਰਾਨ ਕਰੰਟ ਲੱਗਣ ਕਾਰਨ ਜਾਂ ਅਣਹੋਣੀ ਦੁਰਘਟਨਾ ਹੋ ਜਾਣ ਕਾਰਨ ਪਿਓ ਦੀ ਮੌਤ ਤੋਂ ਬਾਅਦ ਸਦਮੇ ਨਾਲ ਮਾਤਾ ਜੀ ਵੀ ਸਵਰਗਵਾਸ ਹੋ ਚੁੱਕੇ ਹਨ ਤੇ ਉਨ੍ਹਾਂ ਯਤੀਮ ਪਰਿਵਾਰਾਂ ਨੂੰ ਬਣਦਾ ਹੱਕ ਦਿੱਤਾ ਜਾਵੇ, ਜਿਸ ਵਿੱਚ ਸਮੇਂ ਸਮੇਂ ਦੀਆਂ ਸਰਕਾਰਾਂ ਅਤੇ ਮਹਿਕਮਾ ਪ੍ਰਸ਼ਾਸਨ ਦੀ ਅਣਗਹਿਲੀ ਕਾਰਨ ਸਾਨੂੰ ਆਪਣੇ ਸੰਘਰਸ਼ ਦੌਰਾਨ ਪਿਛਲੇ 15 ਸਾਲਾਂ ਤੋਂ ਲਗਾਤਾਰ ਆਪਣੇ ਪਰਿਵਾਰਾਂ ਸਮੇਤ ਸੰਘਰਸ਼ ਕਰਦੇ ਆ ਰਹੇ ਹਾਂ ਇੰਨੇ ਲੰਮੇ ਸੰਘਰਸ਼ ਦੌਰਾਨ ਸਾਨੂੰ ਆਰਥਿਕ ਨੁਕਸਾਨ ਵੀ ਬਹੁਤ ਹੋਇਆ ਸਮੇਂ ਦੀਆਂ ਸਰਕਾਰਾਂ ਅਤੇ ਪਾਵਰਕਾਮ ਮਹਿਕਮੇ ਵੱਲੋਂ ਝੂਠੇ ਲਾਰੇ ਲਾ ਕੇ ਸਾਡੇ ਮੈਂਬਰ ਸਾਹਿਬਾਨਾਂ ਨੂੰ ਗੁੰਮਰਾਹ ਕੀਤਾ ਗਿਆ ਪਾਵਰਕੌਮ ਮੁਲਾਜ਼ਮ ਮੌਤ ਹੋ ਜਾਣ ਤੋਂ ਬਾਅਦ ਘੱਟ ਪੈਨਸ਼ਨਾ ਅਤੇ ਹੱਕ ਵਿਰੋਧੀ ਨੀਤੀ ਤਹਿਤ 3 ਲੱਖ ਰੁਪਏ ਵਿੱਤੀ ਸਹਾਇਤਾ ਦੇ ਕੇ ਧੋਖਾ ਕੀਤਾ ਗਿਆ ਸਾਡੇ ਸੰਘਰਸ਼ ਨੂੰ ਨੀਵਾਂ ਦਿਖਾਉਣ ਖਾਤਰ ਸਾਡੇ ਕੁਝ ਸੰਘਰਸੀ ਸਾਥੀਆਂ ਨੂੰ ਕੱਚੀ ਪੱਕੀ ਨੌਕਰੀ ਦੇਣ ਦੇ ਲਾਲਚ ਦਿੱਤੇ ਗਏ ਕੁਝ ਯੂਨੀਅਨ ਦੇ ਸਾਥੀ ਮੁਲਾਜ਼ਮ ਹੱਕਾਂ ਤੋਂ ਵਾਂਝੇ ਪਾਵਰਕੌਮ ਵਿੱਚ ਨਿੱਜੀ ਕੰਪਨੀਆਂ ਵਿੱਚ ਕੰਮ ਕਰਦੇ ਸ਼ੋਸ਼ਣ ਦਾ ਸ਼ਿਕਾਰ ਹੋ ਰਹੇ ਹਨ ਇਹ ਸਾਰਾ ਮਸਲਾ ਸਾਬਕਾ ਸੀਐਮਡੀ ਪੀ ਐਸ ਪੀ ਸੀ ਐਲ ਸ੍ਰੀ ਵੀਨੂ ਪ੍ਰਸ਼ਾਦ ਨੂੰ (ਪੰਜਾਬ ਰਾਜ ਬਿਜਲੀ ਬੋਰਡ) ਪੀ ਐਸ ਪੀ ਸੀ ਐਲ ਦੀ ਬਣਦੀ ਨੀਤੀ ਤਹਿਤ ਆਉਂਦੇ ਕੇਸਾਂ ਸੰਬੰਧੀ ਯਾਦ ਕਰਾਇਆ ਸੀ ਸਾਰਾ ਮਸਲਾ ਉਨ੍ਹਾਂ ਦੇ ਧਿਆਨ ਵਿੱਚ ਹੈ ਇਹ ਯੂਨੀਅਨ ਉਨ੍ਹਾਂ ਸ਼ਹੀਦ ਕਰਮਚਾਰੀਆਂ ਦੇ ਬੱਚਿਆਂ ਦੀ ਹੈ ਜਿਨ੍ਹਾਂ ਨੇ ਘੱਟ ਸਾਧਨ ਹੋਣ ਕਰਕੇ ਕਾਲੇ ਦੌਰ ਵਿੱਚ ਵੀ ਪੰਜਾਬ ਨੂੰ ਰੁਸ਼ਨਾਉਣ ਵਾਲਿਆਂ ਦੇ ਅੱਜ ਖ਼ੁਦ ਆਸ਼ਰਿਤਾਂ ਦੇ ਪਰਿਵਾਰ ਖ਼ੁਦ ਹਨੇਰੇ ਚ ਜੀਅ ਰਹੇ ਹਨ ਇਸ ਪੰਜਾਬ ਦੀ ਖੁਸ਼ਹਾਲੀ ਅਤੇ ਤਰੱਕੀ ਲਈ ਆਪਣੀ ਜਾਨ ਤੱਕ ਦੇ ਦਿੱਤੀ ਸਾਨੂੰ ਆਪਣੇ ਸ਼ਹੀਦ ਬਜ਼ੁਰਗਾਂ ਦੀ ਕਿਰਤ ਕਮਾਈ ਦਾ ਹੱਕ ਚਾਹੀਦਾ ਹੈ ਅਸੀਂ ਵੀ ਕਿਰਤ ਕਮਾਈ ਵਿੱਚ ਯਕੀਨ ਰੱਖਦੇ ਹਾਂ ਆਸ ਕਰਦੇ ਹਾਂ ਸਾਨੂੰ ਪੂਰਨ ਵਿਸ਼ਵਾਸ਼ ਹੈ ਕਿ ਸਾਡਾ ਸੰਵਿਧਾਨਕ ਹੱਕ ਸਾਨੂੰ ਦਿੱਤਾ ਜਾਵੇਗਾ ਕਿਰਪਾ ਕਰਕੇ ਸਾਡੀ ਬਣਦੀ ਤਰਸ ਦੇ ਆਧਾਰ ਤੇ ਨੌਕਰੀ ਦਾ ਹੱਕ ਸਾਨੂੰ ਦਿੱਤਾ ਜਾਵੇ ਆਪ ਜੀ ਦਾ ਬਹੁਤ ਧੰਨਵਾਦ ਹੋਵੇਗਾ ਜੀ ਸਾਡਾ ਸੰਵਿਧਾਨਿਕ ਹੱਕ ਸਾਨੂੰ ਦਿੱਤਾ ਜਾਵੇ । ਇਸ ਮੌਕੇ ਤੇ ਗੁਰਪ੍ਰੀਤ ਸਿੰਘ ਜੌਹਲ, ਬੇਅੰਤ ਸਿੰਘ, ਕਰਨਦੀਪ ਸਿੰਘ, ਸੁਰਜੀਤ ਸਿੰਘ, ਲਵਪ੍ਰੀਤ ਸਿੰਘ, ਸਤਿੰਦਰਪਾਲ ਸਿੰਘ, ਲਵਦੀਪ ਸਿੰਘ, ਰਵਿੰਦਰ ਕੁਮਾਰ, ਜਸਕਰਨ ਸਿੰਘ ਆਦਿ ਹਾਜ਼ਰ ਸਨ।

# ਸਵੈਰੁਜਗਾਰ ਸਿੱਖਲਾਈ ਸੰਸਥਾ ਮੱਲੀਆਂ ਵੱਲੋਂ ਸਥਾਪਨਾ ਦਿਵਸ ਮਨਾਇਆ



**ਜੰਡਿਆਲਾ ਗੁਰੂ/ਜਸਪਾਲ ਸ਼ਰਮਾ**

ਪੰਜਾਬ ਨੈਸ਼ਨਲ ਬੈਂਕ ਦੁਆਰਾ ਚਲਾਈ ਜਾ ਰਹੀ ਸਵੈ-ਰੋਜਗਾਰ ਸਿੱਖਲਾਈ ਸੰਸਥਾ ਮੱਲੀਆਂ ਵਿਖੇ ਸਥਾਪਨਾ ਦਿਵਸ ਮਨਾਇਆ ਗਿਆ।ਇਸ ਪ੍ਰੋਗਰਾਮ ਦੀ ਪ੍ਰਧਾਨਗੀ ਆਰ ਸੈਟੀ ਸਟੇਟ ਡਾਇਰੈਕਟਰ(ਪੰਜਾਬ) ਚਰਨਜੀਤ ਸਿੰਘ ਅਤੇ ਉਨ੍ਹਾਂ ਦੇ ਨਾਲ ਆਰ. ਸੈਟੀ.ਮੱਲੀਆਂ ਦੇ ਡਾਇਰੈਕਟਰ ਪਵਨ ਕਾਲੀਆ ਨੇ ਕੈਂਡਲ ਦੀਪ ਰੋਸ਼ਨ ਕਰਕੇ ਕੀਤੀ।ਸਥਾਪਨਾ ਦਿਵਸ ਦੇ ਮੌਕੇ ਤੇ ਆਰ. ਸੈਟੀ.ਵੱਲੋ ਬਿਊਟੀ ਪਾਰਲਰ ਮੈਨਜਮੈਂਟ ਦਾ ਕੋਰਸ ਸ਼ੁਰੂ ਕੀਤਾ ਗਿਆ।ਜਿਸ ਦੀ ਅਗਵਾਈ ਭਾਸ਼ਣ ਵਿੱਚ ਚਰਨਜੀਤ ਸਿੰਘ ਅਤੇ ਪਵਨ ਕਾਲੀਆ ਨੇ ਸਿਖਿਆਰਥੀ ਨੂੰ ਆਪਣੀ ਸੋਚ ਆਜ਼ਾਦ ਕਰਨ ਆਤਮ ਵਿਸ਼ਵਾਸ ਪੈਦਾ ਕਰਨ ਅਤੇ ਸ਼ਹੀਦਾਂ ਤੋਂ ਪ੍ਰੇਰਿਤ ਹੋਣ ਲਈ ਸੁਨੇਹਾ ਦਿੱਤਾ।ਸੰਸਥਾ ਵਿੱਚ ਚਲਾਈ ਜਾ ਜਾ ਰਹੀ ਟ੍ਰੇਨਿੰਗ ਬਿੱਲਕੁਲ ਮੁਫ਼ਤ ਦਿੱਤੀ ਜਾਂਦੀ ਹੈ ਅਤੇ ਸੰਸਥਾ ਵਿੱਚ ਰਹਿਣ ਅਤੇ ਖਾਣ ਪੀਣ ਦਾ ਪ੍ਰਬੰਧ ਕੀਤਾ ਹੋਇਆ ਹੈ ਟ੍ਰੇਨਿੰਗ ਦੇ ਉਪਰੰਤ ਆਪਣਾ ਰੋਜਗਾਰ ਸ਼ੁਰੂ ਕਰਨ ਲਈ ਸੰਸਥਾ ਵੱਲੋਂ ਮੱਦਦ ਵੀ ਕੀਤੀ ਜਾਂਦੀ ਹੈ।

# ਦਿਵਯ ਜਯੋਤੀ ਜਾਗ੍ਰਤੀ ਸੰਸਥਾਨ ਕਪੂਰਥਲਾ ਆਸ਼ਰਮ ਵਿੱਚ ਹਫ਼ਤਾਵਾਰ ਸਤਸੰਗ ਸਮਾਗਮ ਕਰਵਾਇਆ



**ਕਪੂਰਥਲਾ/ਪਰਮਜੀਤ ਸੰਨੀ**

ਦਿਵਯ ਜਯੋਤੀ ਜਾਗ੍ਰਤੀ ਸੰਸਥਾਨ ਕਪੂਰਥਲਾ ਆਸ਼ਰਮ ਵਿੱਚ ਹਫ਼ਤਾਵਾਰ ਸਤਸੰਗ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਸਰਵ ਸ਼੍ਰੀ ਆਸ਼ੂਤੋਸ਼ ਮਹਾਰਾਜ ਜੀ ਦੇ ਸ਼ਿਸ਼ਯਾ ਸਾਧਵੀ ਸਰੋਜ ਭਾਰਤੀ ਜੀ ਨੇ ਆਪਣੇ ਪ੍ਰਵਚਨਾਂ ਵਿੱਚ ਕਿਹਾ ਕਿ ਇਸ ਸੰਸਾਰ ਵਿੱਚ ਮਨੁੱਖ ਦੇ ਜੀਵਨ ਨਾਲ ਜਨਮ ਤੋਂ ਲੈ ਕੇ ਉਸਦੀ ਮੌਤ ਤੱਕ ਸਫ਼ਲਤਾ - ਅਸਫਲਤਾ, ਦੁੱਖ - ਸੁੱਖ, ਬਿਮਾਰੀ - ਅਰੋਗਤਾ ਸਦਾ ਜੁੜੇ ਹੀ ਰਹਿੰਦੇ ਹਨ। ਬਾਲ ਅਵੱਸਥਾ ਤੋ ਲੈ ਕੇ ਸਿਖਿਆ ਦੇ ਦੌਰਾਨ, ਨੌਕਰੀ ਦੇ ਦੌਰ ਵਿੱਚ ਅਤੇ ਬਜ਼ੁਰਗ ਅਵੱਸਥਾ ਵਿੱਚ ਵੀ ਇਹ ਤਾਣਾ - ਬਾਣਾ ਇਸੇ ਤਰ੍ਹਾਂ ਹੀ ਚੱਲਦਾ ਰਹਿੰਦਾ ਹੈ। ਅਜਿਹਾ ਕਹਿਣਾ ਕੋਈ ਅਤਿਕਥਨੀ ਨਹੀਂ ਹੈ ਕਿ ਜੀਵਨ ਦੇ ਹਰ ਪਲ ਨਾਲ ਇਹ ਖੇਡ ਨਿਰੰਤਰ ਚੱਲਦੀ ਹੀ ਰਹਿੰਦੀ ਹੈ। ਜਿੱਥੇ ਅਸਫਲਤਾ ਮਨੁੱਖ ਨੂੰ ਨਿਰਾਸ਼ਾ ਦੀ ਖਾਈ ਵਿੱਚ ਸੁੱਟ ਦਿੰਦੀ ਹੈ ਓਥੇ ਹੀ ਸਫਲਤਾ ਉਸ ਨੂੰ ਆਸ, ਆਨੰਦ, ਖੁਸ਼ੀ ਆਦਿ ਨਾਲ ਭਰ ਦਿੰਦੀ ਹੈ। ਇਸ ਸੰਸਾਰ ਦਾ ਹਰੇਕ ਮਨੁੱਖ ਜੀਵਨ ਦੇ ਹਰੇਕ ਖੇਤਰ ਵਿੱਚ ਸਫਲ ਹੋਣਾ ਚਾਹੁੰਦਾ ਹੈ ਫਿਰ ਚਾਹੇ ਏਹ ਭੌਤਿਕ ਖੇਤਰ ਹੋਵੇ, ਅਧਿਆਤਮਿਕ, ਜਾਂ ਫਿਰ ਸੰਸਾਰਿਕ। ਭਾਵ ਸਫ਼ਲ ਹੋਣ ਦੀ ਚਾਹਤ ਹਰ ਜਗ੍ਹਾ ਹੀ ਜੁੜੀ ਰਹਿੰਦੀ ਹੈ। ਉਂਝ ਤਾਂ ਜਿੱਤਣਾ ਅਤੇ ਸਫ਼ਲ ਹੋਣਾ ਮਨੁੱਖ ਦਾ ਜਨਮ ਸਿੱਧ ਅਧਿਕਾਰ ਹੈ। ਪ੍ਰੰਤੂ ਮਨੁੱਖ ਉਸ ਨੂੰ ਉਦੋਂ ਤਕ ਪ੍ਰਾਪਤ ਨਹੀਂ ਕਰ ਸਕਦਾ ਜਦੋ ਤੱਕ ਉਹ ਅਪਣਾ ਕੋਈ ਲਕਸ਼ ਸਾਧ ਕੇ ਨਿਰੰਤਰ ਉਸ ਵੱਲ ਅੱਗੇ ਨਹੀਂ ਵਧਦਾ। ਮਾਨਵੀ ਜੀਵਨ ਦੀ ਅਧਿਆਤਮਿਕ ਸਫ਼ਲਤਾ ਕੇਵਲ ਪ੍ਰਮਾਤਮਾ ਪ੍ਰਾਪਤੀ ਵਿੱਚ ਹੀ ਹੈ। ਪ੍ਰਮਾਤਮਾ ਦਾ ਦਰਸ਼ਨ ਅਤੇ ਮਿਲਾਪ ਹੀ ਆਤਮਾ ਦਾ ਲਕਸ਼ ਹੈ। ਇਸ ਵਿਚਾਰ ਦੇ ਪ੍ਰਤੀ ਅਪਣੀ ਸੋਚ ਸਕਾਰਾਤਮਕ ਕਰਨੀ ਜ਼ਰੂਰੀ ਹੈ, ਕਿਉਂਕਿ ਸਾਕਾਰਤਮਕ ਵਿਚਾਰਾਂ ਦੀ ਊਰਜਾ ਇਨਸਾਨ ਨੂੰ ਉਤਸ਼ਾਹ, ਦ੍ਰਿੜਤਾ ਆਦਿ ਨਾਲ ਭਰ ਦਿੰਦੀ ਹੈ ਜਿਸਦੇ ਸਿੱਟੇ ਵਜੋਂ ਵਿਆਕਤੀ ਮੁਸ਼ਕਿਲ ਪ੍ਰਸਥਿਤੀਆਂ ਨਾਲ ਜੂਝਣ ਦੇ ਕਾਬਿਲ ਹੋ ਜਾਂਦਾ ਹੈ। ਜੋ ਇਸ ਪ੍ਰਕਾਰ ਨਿਰੰਤਰ ਦ੍ਰਿੜਤਾ ਨਾਲ ਅੱਗੇ ਵੱਧਦੇ ਰਹਿੰਦੇ ਹਨ ਉਹ ਸਫਲ ਲੋਕਾਂ ਵਿੱਚ ਅਪਣਾ ਨਾਮ ਦਰਜ਼ ਕਰਵਾ ਲੈਂਦੇ ਹਨ। ਅਤੇ ਇੱਕ ਸੇਵਕ ਦੀ ਸਫ਼ਲਤਾ ਕੇਵਲ ਮਾਤਰ ਗੁਰੂ ਦੇ ਪਵਿਤਰ ਚਰਨਾਂ ਦੀ ਨਿਸ਼ਠਾ ਵਿੱਚ ਹੈ। ਵਿਚਾਰਾਂ ਦੇ ਨਾਲ ਹੀ ਸਾਧਵੀ ਸਤਿੰਦਰ ਭਾਰਤੀ ਜੀ ਨੇ ਭਾਵਪੂਰਣ ਭਜਨਾਂ ਦਾ ਗਾਯਨ ਕੀਤਾ। ਅੰਤ ਵਿੱਚ ਕੜਾਹ ਪ੍ਰਸ਼ਾਦ ਵਰਤਾਇਆ ਗਿਆ।

# ਖੇਤੀ ਮਾਹਿਰਾਂ ਨੇ ਕਿਸਾਨਾਂ ਨੂੰ ਜਾਗਰੂਕ ਕੀਤਾ



**ਜੰਡਿਆਲਾ ਗੁਰੂ/ਜਸਪਾਲ ਸ਼ਰਮਾ**

ਮੁੱਖ ਖੇਤੀਬਾੜੀ ਅਫ਼ਸਰ ਅੰਮ੍ਰਿਤਸਰ ਡਾ. ਦਲਜੀਤ ਸਿੰਘ ਗਿੱਲ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਤੇ ਬਲਾਕ ਜੰਡਿਆਲਾ ਗੁਰੂ ਦੇ ਖੇਤੀਬਾੜੀ ਅਫ਼ਸਰ ਡਾਕਟਰ ਭੁਪਿੰਦਰ ਸਿੰਘ ਦੀ ਅਗਵਾਈ ਹੇਠ ਪਿੰਡ ਤਾਰਾ ਗੜ ਤੇ ਹੋਰਨਾਂ ਪਿੰਡਾਂ ਵਿੱਚ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਕੈਂਪਾਂ ਦਾ ਆਯੋਜਨ ਕੀਤਾ ਗਿਆ । ਇਸ ਮੌਕੇ ਤੇ ਡਾ. ਭੁਪਿੰਦਰ ਸਿੰਘ ਨੇ ਕਿਸਾਨਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਆਮ ਰਹੇ ਵਾਢੀ ਦੇ ਸੀਜ਼ਨ ਦੌਰਾਨ ਕਣਕ ਦੇ ਨਾੜ ਜਾਂ ਕਿਸੇ ਵੀ ਹੋਰ ਰਹਿੰਦ ਖੂੰਹਦ ਨੂੰ ਕਦੀ ਵੀ ਅੱਗ ਨਾ ਲਗਾਉਣ ਕਿਉਂਕਿ ਇਸ ਤਰ੍ਹਾਂ ਕਰਨ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਖ਼ਤਮ ਹੋ ਜਾਂਦੀ ਹੈ ਤੇ ਨਾਲ ਹੀ ਸਾਡੇ ਕਈ ਤਰ੍ਹਾਂ ਦੇ ਮਿੱਤਰ ਕੀੜੇ ਜੋ ਸਾਡੇ ਲਈ ਬਹੁਤ ਹੀ ਲਾਭਦਾਇਕ ਹਨ ਪਰ ਅੱਗ ਲਾਉਣ ਨਾਲ ਉਹ ਮਰ ਜਾਂਦੇ ਹਨ ?। ਉਹਨਾਂ ਨੇ ਬਲਾਕ ਖੇਤੀਬਾੜੀ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਬਾਰੇ ਜਾਣਕਾਰੀ ਦਿੱਤੀ । ਇਸ ਕੈਂਪ ਦੌਰਾਨ ਡਾਕਟਰ ਲਵਪ੍ਰੀਤ ਸਿੰਘ ਏਡੀਉ ਨੇ ਕਣਕ ਦੀਆਂ ਬਿਮਾਰੀਆਂ ਸਬੰਧੀ, ਡਾਕਟਰ ਸੁਖਰਾਜ ਸਿੰਘ ਸਿੱਧੂ ਨੇ ਮਿੱਤਰ ਤੇ ਦੁਸ਼ਮਣ ਕੀੜਿਆਂ ਸਬੰਧੀ ਭਰਪੂਰ ਜਾਣਕਾਰੀ ਦਿੱਤੀ । ਇਸੇ ਤਰ੍ਹਾਂ ਡਾ. ਜਸਵਿੰਦਰ ਭਾਟੀਆ ਨੇ ਸਹਾਇਕ ਧੰਦਿਆਂ, ਤੇ ਡਾ. ਹਰਮਨ ਬੀਰ ਸਿੰਘ ਤੇ ਹੋਰਨਾਂ ਨੇ ਕਣਕ ਦੇ ਨਾੜ ਦੀ ਸਾਂਭ ਸੰਭਾਲ ਕਰਨ ਲਈ ਜਾਣਕਾਰੀ ਦਿੱਤੀ ????। ਇਸ ਮੌਕੇ ਤੇ ਉਪ ਨਿਰੀਖਕ ਉਪਕਾਰ ਸਿੰਘ, ਏਟੀਐਮ ਨਿਸ਼ਾਨ ਸਿੰਘ, ਨੰਬਰਦਾਰ ਅਮਰੀਕ ਸਿੰਘ, ਸਵਿੰਦਰ ਸਿੰਘ ਸੇਠ, ਪੰਜਾਬ ਸਿੰਘ ਜੌਹਲ, ਰਾਜਬੀਰ ਸਿੰਘ ਨਾਮਧਾਰੀ ਤੇ ਇਲਾਕੇ ਦੇ ਹੋਰ ਵੀ ਕਈ ਅਗਾਂਹ ਵਧੂ ਕਿਸਾਨ ਹਾਜ਼ਰ ਸਨ।